ਅੱਜ ਦੀ ਆਵਾਜ਼

ਸੁਖਬੀਰ ਵੱਲੋਂ ਸ. ਪ੍ਰੀਤਮ ਸਿੰਘ ਕੌਂਟਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ

ਚੰਡੀਗੜ੍ਹ, 9 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉੱਪ ਮੁੱਖ ਮੰਤਰੀ ਸ .ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਪੰਜਾਬ ਸ਼ੂਗਰਫੈਡ ਦੇ ਚੇਅਰਮੈਨ ਸ. ਪ੍ਰੀਤਮ ਸਿੰਘ ਕੌਂਟਾ ਦੇ ਅਕਾਲ ਚਲਾਣਾ ਕਰ ਜਾਣ ਉੱਪਰ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਇੱਕ ਬਿਆਨ ਰਾਹੀਂ ਸ. ਬਾਦਲ ਨੇ ਕਿਹਾ ਕਿ ਸਵ: ਸ. ਪ੍ਰੀਤਮ ਸਿੰਘ ਕੌਂਟਾ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਹਰੇਕ ਮੋਰਚੇ ਵਿੱਚ ਵਧ ਚੜ ਕੇ ਹਿੱਸਾ ਲਿਆ। ਸਵ: ਕੌਂਟਾ ਨੇ ਪੰਜਾਬ ਦੀ ਸਹਿਕਾਰੀ ਲਹਿਰ ਨੂੰ ਕਾਮਯਾਬ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਜਿਸਦੀ ਬਦੌਲਤ ਉਹਨਾ ਨੂੰ ਪੰਜਾਬ ਸ਼ੂਗਰਫੈਡ ਦੇ ਚੇਅਰਮੈਨ ਦੇ ਅਹੁਦੇ ਦੀ ਜਿੰਮੇਵਾਰੀ ਸੌਂਪੀ ਗਈ। ਉਹਨਾਂ ਕਿਹਾ ਕਿ ਸਵ: ਕੌਂਟਾਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ. ਬਾਦਲ ਨੇ ਸਵ: ਸ. ਪ੍ਰੀਤਮ ਸਿੰਘ ਕੌਂਟਾ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇੱਕ ਵੱਖਰੇ ਬਿਆਨ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਸ. ਸੁਖਦੇਵ ਸਿੰਘ ਢੀਡਸਾ, ਸ. ਰਣਜੀਤ ਸਿੰਘ ਬ੍ਰਹਮਪੁਰਾ, ਸ. ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ. ਸੇਵਾ ਸਿੰਘ ਸੇਖਵਾਂ ਅਤੇ ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਵੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਸ਼ੂਗਰਫੈਡ ਦੇ ਚੇਅਰਮੈਨ ਸ. ਪ੍ਰੀਤਮ ਸਿੰਘ ਕੌਂਟਾਂ ਦੇ ਅਕਾਲ ਚਲਾਣਾ ਕਰ ਜਾਣ ਉੱਪਰ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

11 ਜਨਵਰੀ ਨੂੰ ਬਿਜਲੀ ਬੰਦ ਰਹੇਗੀ

ਖੰਨਾ, 9 ਜਨਵਰੀ (ਪ.ਪ.) - ਸੀਨੀਅਰ ਕਾਰਜਕਾਰੀ ਇੰਜ: ਸ਼੍ਰੀ ਜੀ.ਐਸ. ਵਿਰਦੀ ਵੰਡ ਮੰਡਲ ਖੰਨਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ 11 ਜਨਵਰੀ 2010 ਦਿਨ ਸੋਮਵਾਰ ਨੂੰ 66 ਕੇ.ਵੀ.ਲਾਈਨਾਂ ਦੀ ਮੁਰੰਮਤ ਕਾਰਨ ਕਰਕੇ 66 ਕੇ. ਵੀ. ਗਰਿਡ ਬਦਨੀਪੁਰ, 66 ਕੇ. ਵੀ. ਗਰਿਡ ਖੰਨਾ, 66 ਕੇ. ਵੀ. ਗਰਿਡ ਇਕੋਲਾਹਾ ਅਤੇ 66 ਕੇ.ਵੀ.ਗਰਿਡ ਜਰਗ ਤੋਂ ਚਲਦੇ ਸਾਰੇ 11 ਕੇ.ਵੀ. ਫੀਡਰਾਂ ਦੀ ਬਿਜਲੀ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ।

ਭਗੌੜਾ ਕਾਬੂ

ਤਰਨ ਤਾਰਨ, 9 ਜਨਵਰੀ (ਦਾਰਾ ਸਿੰਘ ਪਰਵਾਨਾ)-ਪੀ.ਓ. ਸਟਾਫ ਤਰਨ ਤਾਰਨ ਵੱਲੋਂ ਪਿਛਲੇ 2 ਸਾਲਾਂ ਤੋਂ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੀ.ਓ. ਸਟਾਫ ਦੇ ਇੰਚਾਰਜ ਏ.ਐੱਸ.ਆਈ. ਮਹਿੰਦਰ ਸਿੰਘ ਨੇ ਦੱਸਿਆ ਕਿ ਨਾਕੇਬੰਦੀ ਦੌਰਾਨ 2007 ਵਿੱਚ ਥਾਣਾ ਸਿਟੀ ਤਰਨ ਨਤਾਰਨ ਵਿੱਚ ਨਿਰਮਲ ਸਿੰਘ ਨਿੰਮਾ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਚੁਤਾਲਾ ਵਿਰੁੱਧ ਕੇਸ ਦਰਜ ਕੀਤਾ ਗਿਆ, ਜਿਸ ਵਿੱਚ ਅਦਾਲਤ ਵੱਲੋਂ ਉਸ ਭਗੌੜਾ ਕਰਾਰ ਦਿੱਤਾ ਗਿਆ ਸੀ। ਹੁਣ ਪੁਲਿਸ ਨੇ ਉਸ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ 'ਤੇ ਅਦਾਲਤ ਵੱਲੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਮਿਸਟਰ ਅਤੇ ਮਿਸ ਨੌਰਥ ਇੰਡੀਆ ਬਾਡੀ ਬਿਲਡਿੰਗ ਮੁਕਾਬਲਿਆਂ ਲਈ ਟਰਾਇਲ 12 ਜਨਵਰੀ ਨੂੰ

ਸ਼੍ਰੀ ਬ੍ਰਿਜੇਸ਼ ਕੌਸ਼ਲ ਹੋਣਗੇ ਜੱਜ

ਮੁਹਾਲੀ 9 ਜਨਵਰੀ (ਵੀਨਾ ਰਾਜਪੂਤ) ਅੰਮ੍ਰਿਤਸਰ ਵਿਚ 17 ਜਨਵਰੀ ਨੂੰ ਹੋਣ ਵਾਲੇ ਮਿਸਟਰ ਅਤੇ ਮਿਸ ਨੌਰਥ ਇੰਡੀਆ ਬਾਡੀ ਬਿਲਡਿੰਗ ਮੁਕਾਬਲਿਆਂ ਲਈ ਟਰਾਇਲਜ਼ 12 ਜਨਵਰੀ ਨੂੰ ਚੰਡੀਗੜ੍ਹ ਦੇ ਸੈਕਟਰ 17 ਸਥਿਤ ਵੈਲੇਨਟਾਈਨ ਫਿਟਨੈਸ ਜਿਮ ਵਿਚ ਹੋਣਗੇ। ਇਨ੍ਹਾਂ ਮੁਕਾਬਲਿਆਂ ਵਿਚ ਪੂਰੇ ਉਤਰੀ ਭਾਰਤ ਦੇ ਬਾਡੀ ਬਿਲਡਰ ਹਿੱਸਾ ਲੈਣਗੇ। ਇਹ ਜਾਣਕਾਰੀ ਵੈਲੇਨਟਾਈਨ ਫਿਟਨੈਸ ਜਿਮ ਦੇ ਓਪਰੇਸ਼ਨਜ਼ ਅਧਿਕਾਰੀ ਸ਼੍ਰੀ ਰਾਜੀਵ ਕਾਲਰਾ ਅਤੇ ਡਾਇਰੈਕਟਰ ਸ਼੍ਰੀ ਸਰਬਜੀਤ ਸਿੰਘ ਗਿੱਲ ਨੇ ਅੱਜ ਇਥੇ ਪੱਤਰਕਾਰਾਂ ਨੂੰ ਦਿੱਤੀ। ਇਥੇ ਜ਼ਿਕਰਯੋਗ ਹੈ ਕਿ ਇਹ ਮੁਕਾਬਲਾ ਭਾਰਤੀ ਉਲੰਪਿਕ ਐਸੋਸੀਏਸ਼ਨ ਦੁਆਰਾ ਮਾਨਤਾ ਪ੍ਰਾਪਤ ਹੈ ਸ਼੍ਰੀ ਰਾਜੀਵ ਕਾਲਰਾ ਅਤੇ ਸ਼੍ਰੀ ਸਰਬਜੀਤ ਸਿੰਘ ਗਿੱਲ ਨੇ ਦੱਸਿਆ ਕਿ 12 ਜਨਵਰੀ ਨੂੰ ਹੋਣ ਵਾਲੇ ਇਹ ਟਰਾਇਲਜ਼ ਬਾਡੀ ਬਿਲਡਿੰਗ ਦੇ ਰਾਸ਼ਟਰੀ ਪੱਧਰ ਦੇ ਜੱਜ ਸ਼੍ਰੀ ਬ੍ਰਿਜੇਸ਼ ਕੌਸ਼ਿਲ ਦੀ ਦੇਖ ਰੇਖ ਹੇਠ ਹੋਣਗੇ। ਉਨ੍ਹਾਂ ਦੱਸਿਆ ਕਿ 17 ਜਨਵਰੀ ਨੂੰ ਹੋਣ ਵਾਲੇ ਮਿਸਟਰ ਅਤੇ ਮਿਸ ਨੌਰਥ ਇੰਡੀਆ ਮੁਕਾਬਲੇ ਅਮ੍ਰਿਤਸਰ ਅਮੈਟੇਓਰ ਬਾਡੀ ਬਿਲਡਿੰਗ ਅਤੇ ਪੰਜਾਬ ਅਮੈਟੇਓਰ ਬਾਡੀ ਬਿਲਡਿੰਗ ਐਸੋਸੀਏਸ਼ਨ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਹੋਰ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਦੇ ਚਾਹਵਾਨ ਉਮੀਦਵਾਰ ਵੈਲੇਨਟਾਈਨ ਫਿਟਨੈਸ ਜਿਮ ਵਿਚ ਆ ਕੇ ਆਪਣੀ ਰਜਿਸ਼ਟਰੇਸ਼ਨ ਕਰਵਾ ਸਕਦੇ ਹਨ।

ਕੌਂਟਾਂ ਦੀ ਅਚਾਨਕ ਮੌਤ ਨਾਲ ਸਹਿਕਾਰਤਾ ਖੇਤਰ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ:+ ਗਿੱਲ

ਕੁਹਾੜਾ 9 ਜਨਵਰੀ (ਗੁਰਨਾਮ) ਸਰਦਾਰ ਪ੍ਰੀਤਮ ਸਿੰਘ ਕੌਂਟਾ, ਚੇਅਰਮੈਨ, ਸੂਗਰਫੈਡ, ਪੰਜਾਬ ਦੀ ਅਚਾਨਕ ਅਤੇ ਬੇਵਕਤ ਮੌਤ ਹੋ ਜਾਣ ਤੇ ਸਹਿਕਾਰੀ ਖੰਡ ਮਿੱਲ ਬੁੱਢੇਵਾਲ ਦੇ ਬੋਰਡ ਆਫ ਡਾਇਰੈਕਟਰਜ਼, ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਪ ਚੈਅਰਮੈਨ ਸ: ਧਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਸ੍ਰੀ ਪ੍ਰੀਤਮ ਸਿੰਘ ਕੌਂਟਾ ਦੀ ਅਚਾਨਕ ਮੌਤ ਨਾਲ ਸਹਿਕਾਰਤਾ ਖੇਤਰ ਵਿੱਚ ਅਤੇ ਖਾਸ ਕਰਕੇ ਖੰਡ ਮਿੱਲਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ੍ਰੀ ਪ੍ਰੀਤਮ ਸਿੰਘ ਕੌਂਟਾ ਦੀ ਮਿੱਠੀ ਯਾਦ ਵਿੱਚ ਮਿੱਲ ਦੇ ਬੋਰਡ, ਮੈਨੇਜਮੈਂਟ ਅਤੇ ਸਟਾਫ ਵੱਲੋ 2 ਮਿੰਟ ਦਾ ਮੋਨ ਧਾਰਨ ਕੀਤਾ ਗਿਆ ਇਸ ਅਤੀ ਦੁੱਖ ਦੀ ਘੜੀ ਵਿੱਚ ਸਰਦਾਰ ਪ੍ਰੀਤਮ ਸਿੰਘ ਕੌਂਟਾ ਜੀ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਜਗਜੀਵਨਪਾਲ ਖੀਰਨੀਆਂ ਐਮ.ਐਲ.ਏ ਸਮਰਾਲਾ, ਹਰਪਾਲ ਸਿੰਘ ਸੰਗੋਆਲ, ਅਵਤਾਰ ਸਿੰਘ ਮੇਹਲੋਂ, ਰਾਜਿੰਦਰ ਸਿੰਘ ਮਿਆਣੀ, ਮਨਮੋਹਨ ਸਿੰਘ ਪੱਪੂ ਕਾਲਖ ਸਾਰੇ ਡਾਇਰੈਕਟਰ, ਏ.ਪੀ ਗੁਪਤਾ ਜਨਰਲ ਮੈਨੇਜਰ ਤੇ ਮੋਹਣ ਲਾਲ ਸੁਪਰਡੈਂਟ ਸਾਮਲ ਸਨ।

ਬਸ ਇੱਕ ਮਿੰਟ

ਤਿੰਨ ਸਮਝੌਤਿਆਂ 'ਤੇ ਦਸਤਖ਼ਤ ਕਰਨਗੇ ਭਾਰਤ-ਬੰਗਲਾਦੇਸ਼

ਨਵੀਂ ਦਿੱਲੀ, 9 ਜਨਵਰੀ (ਵਿਸ਼ਵ ਵਾਰਤਾ)-ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸੋਮਵਾਰ ਤੋਂ ਸ਼ੁਰੂ ਹੋ ਰਹੀ ਭਾਰਤ ਯਾਤਰਾ ਦੌਰਾਨ ਦੋਵੇਂ ਦੇਸ਼ ਅੱਤਵਾਦ ਅਤੇ ਸੰਗਠਿਤ ਅਪਰਾਧ ਦੀ ਰੋਕਥਾਮ ਦੇ ਸੰਬੰਧ ਵਿੱਚ ਤਿੰਨ ਸਮਝੌਤਿਆਂ 'ਤੇ ਦਸਤਖ਼ਤ ਕਰਨਗੇ। ਸ਼ੇਖ ਹਸੀਨਾ ਦੀ ਇਸ ਤਿੰਨ ਦਿਵਸੀ ਯਾਤਰਾ ਦੌਰਾਨ ਭਾਰਤ ਅਤੇ ਬੰਗਲਾਦੇਸ਼ ਊਰਜਾ ਦੇ ਖੇਤਰ ਵਿੱਚ ਇਕ ਸਹਿਮਤੀ ਪੱਤਰ 'ਤੇ ਵੀ ਦਸਤਖ਼ਤ ਕਰਨਗੇ ਇਸ ਵਿੱਚ ਦੋਵੇਂ ਦੇਸ਼ਾਂ ਦੇ ਦੁਵੱਲੇ ਸੰਬੰਧਾਂ ਨੂੰ ਬੜ੍ਹਾਵਾ ਮਿਲਣ ਦੀ ਉਮੀਦ ਹੈ। ਕੇਂਦਰੀ ਮੰਤਰੀ ਮੰਡਲ ਨੇ ਅੱਜ ਅਪਰਾਧਿਕ ਮਾਮਲਿਆਂ ਵਿੱਚ ਆਪਸੀ ਸਹਿਯੋਗ 'ਤੇ ਸਮਝੌਤੇ ਅਤੇ ਨਾਲ ਹੀ ਅੰਤਰ-ਰਾਸ਼ਟਰੀ ਅੱਤਵਾਦ, ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਰੋਕਥਾਮ 'ਤੇ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ।

ਅੱਜ ਪਿਲਾਈਆਂ ਜਾਣਗੀਆਂ ਪੋਲਿਓ ਬੂੰਦਾਂ

ਖੰਨਾ, 9 ਜਨਵਰੀ (ਪ.ਪ.) - ਸਿਵਲ ਹਸਪਤਾਲ ਖੰਨਾ ਵੱਲੋਂ ਐਤਵਾਰ 10 ਜਨਵਰੀ ਤੋਂ ਤਿੰਨ ਦਿਨਾਂ ਪਲਸ ਪੋਲਿਓ ਮੁਹਿੰਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਐਤਵਾਰ ਨੂੰ ਵਿਭਾਗ ਦੇ ਕਰਮਚਾਰੀਆਂ ਦੀਆਂ ਟੀਮਾਂ ਖੰਨਾ ਅਤੇ ਇਸ ਦੇ ਆਸਪਾਸ ਦੇ ਇਲਾਕੇ ਵਿੱਚ ਪੰਜ ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੋਲਿਓ ਬੂੰਦਾਂ ਪਿਲਾਉਣਗੀਆਂ। ਸੋਮਵਾਰ ਅਤੇ ਮੰਗਲਵਾਰ ਨੂੰ ਟੀਮਾਂ ਘਰ-ਘਰ ਜਾ ਕੇ ਬੱਚਿਆਂ ਨੂੰ ਪੋਲਿਓ ਬੂੰਦਾਂ ਪਿਲਾਉਣਗੀਆਂ ਅਤੇ ਉਹਨਾਂ ਪਰਿਵਾਰਕ ਮੈਂਬਰਾਂ ਨੂੰ ਪੋਲਿਓ ਵਰਗੀ ਨਾ-ਮੁਰਾਦ ਬਿਮਾਰੀ ਦੇ ਖਿਲਾਫ ਜਾਗਰੂਕ ਕੀਤਾ ਜਾਵੇਗਾ, ਤਾਂਕਿ ਪੋਲਿਓ ਦਾ ਜੜ੍ਹਤੋਂ ਖਾਤਮਾ ਕੀਤਾ ਜਾ ਸਕੇ। ਇਹ ਜਾਣਕਾਰੀ ਸਿਵਲ ਹਸਪਤਾਲ ਖੰਨਾ ਦੇ ਐਸ.ਐਮ.ਓ. ਡਾਕਟਰ ਬਲਵਿੰਦਰ ਸਿੰਘ ਕਲਸੀ ਨੇ ਦਿੱਤੀ।

ਲਕਸ਼ਮੀ ਕਾਂਤਾ ਚਾਵਲਾ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਉਣਗੇ-ਡਾ. ਦਲੀਪ

ਫਿਰੋਜ਼ਪੁਰ, 9 ਜਨਵਰੀ (ਜੀ.ਐੱਸ. ਕਾਲੜਾ)-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਐਤਵਾਰ 10 ਜਨਵਰੀ ਨੂੰ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਆਉਣਗੇ। ਜਿੱਥੇ ਉਹ 0 ਤੋਂ 5 ਸਾਲ ਦੇ ਬੱਚਿਆਂ ਨੂੰ ਪਲੱਸ ਪੋਲੀਓ ਦੀਆਂ ਬੂੰਦਾਂ ਪਿਲਾ ਕੇ ਪੋਲੀਓ ਦਿਵਸ ਦੀ ਸ਼ੁਰੂਆਤ ਕਰਨਗੇ। ਇਸ ਦੀ ਜਾਣਕਾਰੀ ਸੀ.ਐੱਮ.ਓ. ਡਾ. ਦਲੀਪ ਕੁਮਾਰ ਨੇ ਦਿੱਤੀ। ਉਨ੍ਹਾਂ ਕਿਹਾ ਕਿ 11 ਵਜੇ ਸਵੇਰੇ ਉਹ ਸਿਵਲ ਹਸਪਤਾਲ ਵਿਖੇ ਹੀ ਪ੍ਰੈੱਸ ਕਾਨਫਰੰਸ ਕਰਨਗੇ। ਇਸ ਉਪਰੰਤ ਉਹ ਖੂਹੀਆਂ ਸਰਵਰ ਜਾਣਗੇ। ਉਥੇ ਹੀ ਉਹ ਬੱਚਿਆਂ ਦੀ ਜ਼ਿੰਦਗੀ ਦੀਆਂ ਦੋ ਬੂੰਦਾਂ ਪਿਲਾ ਕੇ ਨਿਰੋਗ ਰਹਿਣ ਦਾ ਸੰਦੇਸ਼ ਦੇਣਗੇ।

ਪੱਤਰਕਾਰ ਮਲਹੋਤਰਾ ਨੂੰ ਸਦਮਾ

ਜਲੰਧਰ 9 ਜਨਵਰੀ (ਸਰਬਜੀਤ ਵਾਲੀਆ)-ਹਿੰਦੁਸਤਾਨ ਟਾਈਮਜ਼ ਦੇ ਜਲੰਧਰ ਦੇ ਬਿਊਰੋ ਚੀਫ਼ ਪੱਤਰਕਾਰ ਜਸਦੀਪ ਸਿੰਘ ਮਲਹੋਤਰਾ ਨੂੰ ਅੱਜ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਾਲਾ ਸਾਹਿਬ ਸ. ਸਰਬਜੀਤ ਸਿੰਘ (38) ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਜ਼ੇਰੇ ਇਲਾਜ਼ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਐਤਵਾਰ 10 ਜਨਵਰੀ ਨੂੰ ਗੁਰਾਇਆ ਵਿਖੇ ਹੋਵੇਗਾ।

ਸੜਕ ਹਾਦਸੇ 'ਚ ਔਰਤ ਜਖਮੀ

ਖੰਨਾ, 9 ਜਨਵਰੀ (ਪ.ਪ.)- ਚਰਨ ਕੌਰ ਪਤਨੀ ਪਾਲ ਸਿੰਘ ਨਜਦੀਕ ਬਿਜਲੀ ਬੋਰਡ ਦਫਤਰ ਮਲੇਰਕੋਟਲਾ ਰੋਡ ਖੰਨਾ ਨੇ ਥਾਣਾ ਸਦਰ ਖੰਨਾ ਦੀ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਹੈ ਕਿ 16 ਦਸੰਬਰ ਨੂੰ ਜਦੋਂ ਉਹ ਬਿਜਲੀ ਦਫਤਰ ਦੇ ਕੋਲ ਹੀ ਪੈਦਲ ਜਾ ਰਹੀ ਸੀ ਕਿ ਇੱਕ ਸਕੂਟਰ ਸਵਾਰ ਨੇ ਉਸ ਵਿੱਚ ਇੰਨੀ ਜੋਰ ਦੀ ਟੱਕਰ ਮਾਰੀ ਜਿਸ ਕਾਰਨ ਉਸ ਦੇ ਸੱਟਾਂ ਵਜੀਆਂ। ਜਿਸ ਨੂੰ ਗੰਭੀਰ ਜਖਮੀ ਹੋਣ ਕਰਕੇ ਚੰਡੀਗੜ੍ਹ ਦੇ ਪੀ.ਜੀ.ਆਈ. ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਸਦਰ ਪੁਲਿਸ ਨੇ ਸਕੂਟਰ ਚਾਲਕ ਖ਼ਿਲਾਫ ਭਾਰਤੀ ਦੰਡਾਵਲੀ ਦੀ ਧਾਰਾ 279,338 ਦੇ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੈਨੇਜਮੈਂਟ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਸੰਬੰਧੀ ਟਾਲ ਮਟੋਲ ਕਰ ਰਹੀ ਹੈ

ਸ਼ਾਹਪੁਰ ਕੰਢੀ, 9 ਜਨਵਰੀ (ਜੰਡੀਰ)-ਥੀਨ ਡੈਮ ਵਰਕਰਜ਼ ਯੂਨੀਅਨ ਵੱਲੋਂ ਰਣਜੀਤ ਸਾਗਰ ਡੈਮ ਦੀ ਮੈਨੇਜਮੈਂਟ ਦੇ ਖਿਲਾਫ 1983 ਦੀ ਤਰ੍ਹਾਂ ਧਰਨੇ ਦਿੱਤੇ ਜਾ ਰਹੇ ਹਨ, ਲਗਾਤਾਰ ਧਰਨਿਆਂ ਦੇ ਤਹਿਤ ਵੱਖ-ਵੱਖ ਡਵੀਜ਼ਨ ਦੇ ਦਫਤਰਾਂ ਸਾਹਮਣੇ ਧਰਨੇ ਦਿੱਤੇ ਗਏ ਹਨ ਅਤੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਗਏ ਹਨ। ਆਗੂਆਂ ਵੱਲੋਂ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਮੈਨੇਜਮੈਂਟ ਕਰਮਚਾਰੀਆਂ ਦੀ ਹੱਕੀ ਮੰਗਾਂ ਮੰਨਣ ਵਿੱਚ ਟਾਲ ਮਟੋਲ ਕਰ ਰਹੀ ਹੈ, ਜਿਸ ਕਰਕੇ ਮਜ਼ਬੂਰ ਹੋ ਕੇ ਯੂਨੀਅਨ ਨੂੰ ਲੜੀਵਾਰ ਧਰਨਾ ਦੇਣ ਦੀ ਹਿੰਮਤ ਕਰਨੀ ਪਈ, ਲੜੀਵਾਰ ਧਰਨਿਆਂ ਵਿੱਚ ਸਕੱਤਰ ਸਿੰਘ, ਸੁਰਿੰਦਰ ਸਿੰਘ ਮਾਮ, ਜਨਕ ਰਾਜ, ਅਮਰੀਕ ਸਿੰਘ, ਰਾਜ ਸਿੰਘ, ਗੁਰਬਚਨ ਭੱਟੀ, ਦਰਸਨ ਸਿੰਘ ਜੈਨੀ, ਤਰਸੇਮ ਸਿੰਘ ਨਾਗੋਕੇ, ਇੰਦਰਜੀਤ ਸਿੰਘ ਅਤੇ ਵੀ.ਜੇ. ਜਗਮਨ ਨੇ ਭਖਦੀਆਂ ਤਕਰੀਰਾਂ ਕੀਤੀਆਂ।

ਸਬ ਤਹਿਸੀਲ ਝੁਨੀਰ ਦੀ ਉਸਾਰੀ ਜੋਰਾਂ 'ਤੇ

ਝੁਨੀਰ, 9 ਜਨਵਰੀ (ਗੁਰਵਿੰਦਰ ਭੋਲਾ)—ਸਥਾਨਕ ਕਸਬੇ ਝੁਨੀਰ ਦੀ ਸਬ-ਤਹਿਸੀਲ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਆਖਿਰ ਪੂਰੀ ਹੋਣ ਜਾ ਰਹੀ ਹੈ। ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ ਦੇ ਯਤਨ ਸਦਕਾ ਗੁਰਦਿੱਤ ਸਿੰਘ, ਹਰਦਿੱਤ ਸਿੰਘ ਤੇ ਉਨ੍ਹਾਂ ਦੀਆਂ ਪੁੱਤਰੀਆਂ ਹਰਪ੍ਰੀਤ ਕੌਰ ਅਤੇ ਬੇਅੰਤ ਕੌਰ ਨੇ ਸਬ ਤਹਿਸੀਲ ਬਨਾਉਣ ਲਈ 5 ਕਨਾਲ ਜਮੀਨ ਦਾਨ ਵੱਜੋਂ ਦਿੱਤੀ ਗਈ। ਜਿਸ ਵਿੱਚ ਉਸਾਰੀ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ ਹੋ ਚੁੱਕਾ ਹੈ। ਅੱਜ ਦੀ ਆਵਾਜ਼ ਨੂੰ ਜਾਣਕਾਰੀ ਦਿੰਦਿਆਂ ਸੀਨੀਅਰ ਅਕਾਲੀ ਆਗੂ ਸਰਪੰਚ ਗੁਰਸੇਵਕ ਸਿੰਘ ਖਹਿਰਾ, ਗੁਰਸੇਵਕ ਸਿੰਘ ਸਾਹਨੇਵਾਲ ਅਕਾਲੀ ਆਗੂ ਸਰਪੰਚ ਗੁਰਸੇਵਕ ਸਿੰਘ ਖਹਿਰਾ, ਗੁਰਸੇਵਕ ਸਿੰਘ ਸਾਹਨੇਵਾਲੀ ਨੇ ਦੱਸਿਆ ਕਿ ਸਬ-ਤਹਿਸੀਲ ਬਨਾਉਣ ਦਾ ਠੇਕਾ ਰਜਿੰਦਰ ਕੁਮਾਰ ਮਾਨਸਾ ਨੂੰ ਦਿੱਤਾ ਗਿਆ ਹੈ, ਜੋ ਕਿ ਲੱਗਭੱਗ 24 ਲੱਖ ਰੁਪਏ ਵਿੱਚ ਟੈਂਡਰ ਹੋਇਆ ਹੈ ਤੇ ਸੀਨੀਅਰ ਅਕਾਲੀ ਆਗੂ ਬਿੱਕਰਮਜੀਤ ਭੁੱਲਰ, ਜਗਮੀਰ ਸਿੰਘ ਖਰੀਦ ਪ੍ਰੇਮ ਕੁਮਾਰ, ਸਿੰਗਲਾ, ਮਲਕੀਤ ਭੰਮਾ, ਨੈਬ ਸਿੰਘ ਖਨਾਲੀਆ ਸੰਜੀਵ ਸਿੰਗਲਾ ਆਦਿ ਆਗੂਆਂ ਨੇ ਵੀ ਖੁਸ਼ੀ ਜਾਹਰ ਕੀਤੀ।

ਪਾਕਿਸਤਾਨੀ ਅੱਤਵਾਦੀ ਸੰਗਠਨ ਹਾਲੇ ਵੀ ਸਰਗਰਮ- ਐਂਟੋਨੀ

ਨਵੀਂ ਦਿੱਲੀ, 9 ਜਨਵਰੀ (ਵਿਸ਼ਵ ਵਾਰਤਾ)-ਰੱਖਿਆ ਮੰਤਰੀ ਏ.ਕੇ. ਐਂਟੋਨੀ ਨੇ ਅੱਜ ਕਿਹਾ ਕਿ ਪਾਕਿਸਤਾਨ ਵਿੱਚ ਲਗਪਗ ਸਾਰੇ ਅੱਤਵਾਦੀ ਸੰਗਠਨ ਹਾਲੇ ਵੀ ਸਰਗਰਮ ਹਨ ਅਤੇ ਗੁਆਂਢੀ ਦੇਸ਼ ਨੇ ਕਈ ਵਾਰ ਅਪੀਲ ਦੇ ਬਾਵਜੂਦ ਉਹਨਾਂ ਦਾ ਸਫ਼ਾਇਆ ਨਹੀਂ ਕੀਤਾ ਹੈ। ਐਂਟੋਨੀ ਨੇ ਇੱਥੇ ਭਾਰਤੀ ਤੱਟ ਰੱਖਿਅਕ ਬਲ ਦੇ ਦਫ਼ਤਰ ਵਿੱਚ ਪੱਤਰਕਾਰਾਂ ਨੂੰ ਇਹ ਗੱਲ ਆਖੀ। ਉਹਨਾਂ ਨੇ ਇਹਨਾਂ ਖ਼ਬਰਾਂ 'ਤੇ ਚਿੰਤਾ ਪ੍ਰਗਟ ਕੀਤੀ ਕਿ ਪਾਕਿਸਤਾਨ ਕਸ਼ਮੀਰ ਵਿੱਚ ਕਈ ਅੱਤਵਾਦੀ ਕੰਟਰੋਲ ਰੇਖਾ ਪਾਰ ਕਰਕੇ ਜੰਮੂ-ਕਸ਼ਮੀਰ ਵਿੱਚ ਘੁਸਣ ਦੀ ਫਿਰਾਕ ਵਿੱਚ ਹਨ। ਉਹਨਾਂ ਕਿਹਾ- ਇਹ ਚਿੰਤਾ ਦਾ ਕਾਰਨ ਹੈ ਕਿਉਂਕਿ ਭਾਰਤ ਸਰਕਾਰ ਕਈ ਵਾਰ ਕਹਿ ਚੁੱਕੀ ਹੈ ਕਿ ਲਗਪਗ ਸਾਰੇ ਅੱਤਵਾਦੀ ਸੰਗਠਨ ਸਰਹੱਦ ਪਾਰ ਸਰਗਰਮ ਹਨ ਪਰ ਪਾਕਿਸਤਾਨ ਸਰਕਾਰ ਠੋਸ ਕਦਮ ਨਹੀਂ ਉਠਾ ਰਹੀ ਹੈ। ਐਂਟੋਨੀ ਨੇ ਕਿਹਾ ਕਿ ਕਸ਼ਮੀਰ ਦੀ ਸਥਿਤੀ ਚਿੰਤਾ ਦਾ ਵਿਸ਼ਾ ਹੈ ਪਰ ਪਿਛਲੇ ਸਾਲ ਦੀ ਤੁਲਨਾ ਵਿੱਚ ਉਹ ਜ਼ਿਆਦਾ ਖ਼ਰਾਬ ਨਹੀਂ ਹੋਈ ਹੈ। ਉਹਨਾਂ ਦਾ ਧਿਆਨ ਇਹਨਾਂ ਖ਼ਬਰਾਂ ਵੱਲ ਦਿਵਾਇਆ ਗਿਆ ਹੈ ਕਿ ਪਾਕਿਸਤਾਨ ਕਸ਼ਮੀਰ ਵਿੱਚ 700 ਤੋਂ ਜ਼ਿਆਦਾ ਅੱਤਵਾਦੀ ਸਰਹੱਦ ਪਾਰ ਕਰਨ ਦੀ ਫਿਰਾਕ ਵਿੱਚ ਹਨ।

ਸਮਾਜ ਸੁਧਾਰ ਕਮੇਟੀ ਨੇ ਕੀਤੀ ਨਸ਼ਿਆਂ ਦੀ ਰੋਕਥਾਮ ਲਈ ਮੰਗ

ਮਾਨਸਾ, 9 ਜਨਵਰੀ (ਪ.ਪ.)-ਸਮੂਹ ਸ਼ਹਿਰ ਨਿਵਾਸੀ ਇਕੱਤਰ ਹੋ ਕੇ ਹੋਂਦ ਵਿੱਚ ਲਿਆਂਦੀ ਗਈ ਸਮਾਜ ਸੁਧਾਰ ਕਮੇਟੀ ਦੀ ਅੱਜ ਇੱਥੇ ਸ੍ਰ. ਮੱਘਰ ਸਿੰਘ ਦੀ ਪ੍ਰਧਾਨਗੀ ਹੇਠ ਪਲੇਠੀ ਮੀਟਿੰਗ ਗੁਰਦੁਆਰਾ ਬਾਗ ਵਾਲਾ, ਵਾਰਡ ਨੰ. 21, ਵਿੱਚ ਮਾਨਸਾ ਵਿਖੇ ਹੋਈ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ.ਹਰਦੇਵ ਸਿੰਘ ਬੰਗੜ ਮੌੜ ਮੰਡੀ ਲੋਕ ਸਭਾ ਹਲਕਾ ਬਠਿੰਡਾ ਦੇ ਹਾਰੇ ਹੋਏ ਕੈਂਡੀਡੇਟ ਕਿਹਾ ਕਿ ਨੌਜਵਾਨ ਪੀੜ੍ਹੀ ਦਿਨੋਂ ਦਿਨ ਨਸ਼ਿਆਂ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਜਿਸ ਵਿੱਚ ਛੇਵਾਂ ਦਰਿਆ ਨਸ਼ਿਆਂ ਦਾ ਵਹਿ ਰਿਹਾ ਹੈ। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਜਲਦੀ ਹੀ ਇੱਕ ਮੁਹਿੰਮ ਚਲਾਈ ਜਾ ਰਹੀ ਹੈ। ਸ੍ਰ. ਹਰਦੇਵ ਸਿੰਘ ਬੰਗੜ ਨੇ ਕਿਹਾ ਕਿ ਸਮਾਜ ਵਿੱਚ ਨਸ਼ਿਆਂ ਦੀ ਹੋ ਰਹੀ ਵਿਕਰੀ ਲਈ ਵੱਡੇ ਪੱਧਰ ਉਪਰ ਪੁਲਿਸ ਜ਼ਿੰਮੇਵਾਰ ਹੈ। ਕਿਉਂਕਿ ਪੁਲਿਸ ਹੀ ਇਨ੍ਹਾਂ ਵਿਕਰੀ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦਿੰਦੀ ਹੈ, ਜਿਸ ਕਰਕੇ ਇਨ੍ਹਾਂ ਦੇ ਹੌਸਲੇ ਵੱਧਦੇ ਹਨ ਅਤੇ ਵਿਕਰੇਤਾ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵੱਲ ਧੱਕਦੇ ਜਾ ਰਹੇ ਹਨ। ਇਸ ਮੀਟਿੰਗ ਵਿੱਚ ਨੌਜਵਾਨਾਂ ਦੇ ਮਾਪਿਆਂ ਨੇ ਕਿਹਾ ਪਹਿਲਾਂ ਬੱਚੇ ਕੁਝ ਪੈਸੇ ਬਚਾ ਕੇ ਲਿਆਉਂਦੇ ਸੀ, ਪਰ ਹੁਣ ਭਾਂਡੇ ਆਦਿ ਚੋਰੀ ਕਰਨੇ ਸ਼ੁਰੂ ਕਰ ਦਿੱਤੇ ਹਨ। ਨੌਜਵਾਨਾਂ ਦੇ ਮਾਪਿਆਂ ਵੱਲੋਂ ਵੀ ਇਸ ਮੀਟਿੰਗ ਵਿੱਚ ਭਰਵਾਂ ਹੁੰਗਾਰਾ ਦਿੱਤਾ ਗਿਆ। ਵੱਖ-ਵੱਖ ਭਰਾਤਰੀ ਜਥੇਬੰਦੀਆਂ ਨੇ ਨਸ਼ੇ ਕਾਰਨ ਪੈ ਰਹੇ ਨੌਜਵਾਨਾਂ ਤੇ ਭੈੜੇ ਅਸਰ ਤੋਂ ਜਾਣੂ ਕਰਵਾਇਆ ਕਿ ਪੰਜਾਬ ਦੀ ਹੋਂਦ ਖਤਮ ਹੋ ਰਹੀ ਹੈ। ਪੰਜਾਬ ਵਿੱਚ ਉੱਚ ਅਧਿਕਾਰੀਆਂ ਨੂੰ ਅਤੇ ਪ੍ਰਸ਼ਾਸਨ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਸਾਡੇ ਪੰਜਾਬ ਵਿੱਚ ਨਸ਼ਿਆਂ ਦੇ ਵੱਧ ਰਹੇ ਛੇਵੇਂ ਦਰਿਆ ਨੂੰ ਰੋਕਿਆ ਜਾਵੇ ਅਤੇ ਪੰਜਾਬ ਦੀ ਹੋਂਦ ਨੂੰ ਬਚਾਇਆ ਜਾਵੇ। ਇਸ ਮੀਟਿੰਗ ਵਿੱਚ ਕਾਮਰੇਡ ਰਾਜਿੰਦਰ ਕੁਮਾਰ, ਸ਼ੀਰੀ ਸਿੰਘ, ਬਾਬੂ ਸਿੰਘ ਮਾਸਟਰ, ਚਰਨਜੀਤ ਸਿੰਘ ਐੱਮ.ਸੀ., ਰਾਮ ਫਲ, ਕਾਮਰੇਡ ਪ੍ਰਸ਼ੋਤਮ ਸਿੰਘ. ਵੀਰਾ ਐੱਮ.ਸੀ., ਸ਼ਿੰਗਾਰਾ ਸਿੰਘ, ਹਰਜੀਤ ਕੌਰ, ਰਾਜ ਕੌਰ ਐੱਮ.ਸੀ., ਸੰਮੀ ਕੋਰ ਆਦਿ ਸ਼ਾਮਲ ਸਨ।

ਬਿਜਲੀ ਦਰਾਂ ਵਿੱਚ ਕੀਤੇ ਵਾਧੇ ਵਾਪਸ ਲੈਣ ਨਾਲ ਪੇਂਡੂ, ਸ਼ਹਿਰੀ ਖਪਤਕਾਰ ਦੋਵੇਂ ਖ਼ੁਸ਼

ਅੰਮ੍ਰਿਤਸਰ, 9 ਜਨਵਰੀ (ਮੋਤਾ ਸਿੰਘ)-ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਬਲਬੀਰ ਪੁੰਜ ਨੇ ਕਿਹਾ ਕਿ ਬਿਜਲੀ ਦਰਾਂ ਵਿੱਚ ਕੀਤੇ ਵਾਧੇ ਨੂੰ ਸਰਕਾਰ ਵੱਲੋਂ ਵਾਪਸ ਲੈਣ ਨਾਲ ਸ਼ਹਿਰੀ ਅਤੇ ਪੇਂਡੂ ਦੋਹਾਂ ਵਰਗਾਂ ਦੇ ਖਪਤਕਾਰਾਂ ਨੂੰ ਫਾਇਦਾ ਪੁੱਜਾ ਹੈ। ਸ੍ਰੀ ਪੁੰਜ ਨੇ ਇੱਥੇ ਵਿਧਾਨ ਸਭਾ ਹਲਕਾ ਉਤਰੀ ਦੇ ਵਿਧਾਇਕ ਸ੍ਰੀ ਅਨਿਲ ਜੱਸੀ ਦੀ ਰਿਹਾਇਸ਼ 'ਤੇ ਪਾਰਟੀ ਵਰਕਰਾਂ ਦੀ ਇੱਕ ਮੀਟਿੰਗ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ। ਸ੍ਰੀ ਪੁੰਜ ਇੱਥੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਨਿਤਿਨ ਗਡਕਰੀ ਜੋ 16 ਤੇ 17 ਜਨਵਰੀ ਨੂੰ ਅੰਮ੍ਰਿਤਸਰ ਪੁੱਜ ਰਹੇ ਹਨ, ਦੀ ਤਿਆਰੀ ਸੰਬੰਧੀ ਇੱਥੇ ਆਏ ਹੋਏ ਹਨ। ਸ੍ਰੀ ਗਡਕਰੀ ਅੰਮ੍ਰਿਤਸਰ ਵਿਖੇ ਇੱਕ ਰੈਲੀ ਨੂੰ ਵੀ ਸੰਬੋਧਨ ਕਰਨਗੇ। ਪਾਰਟੀ ਦੇ ਮਰਹੂਮ ਆਗੂ ਡਾ. ਬਲਦੇਵ ਪ੍ਰਕਾਸ਼ ਸਾਬਕਾ ਐੱਮ.ਪੀ. ਦਾ ਬੁੱਤ ਵੀ ਅੰਮ੍ਰਿਤਸਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਵਿਧਾਇਕ ਅਨਿਲ ਜੋਸ਼ੀ, ਅਕਾਲੀ ਜਥਾ ਅੰਮ੍ਰਿਤਸਰ ਸ਼ਹਿਰੀ ਦੇ ਸੀਨੀਅਰ ਮਤੀ ਪ੍ਰਧਾਨ ਸ੍ਰ. ਉਪਕਾਰ ਸਿੰਘ ਸੰਧੂ ਅਤੇ ਭਾਜਪਾ ਦੇ ਕਈ ਆਗੂ ਮੌਜੂਦ ਸਨ।

ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਬਿਨੰਬਰੇ ਮੋਟਰਸਾਈਕਲ

ਬੁੱਲੋਵਾਲ, 9 ਜਨਵਰੀ (ਪ.ਪ.)-ਕਸਬਾ ਬੁੱਲੋਵਾਲ ਵਿੱਚ ਬਿਨਾਂ ਨੰਬਰ ਦੇ ਚੱਲ ਰਹੇ ਮੋਟਰਸਾਈਕਲ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਹਨ। ਫਿਰ ਵੀ ਇਸ ਗੱਲ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ। ਪ੍ਰਾਪਤ ਜਾਣਕਾਰੀ ਅਨੁਸਾਰ ਕਸਬਾ ਬੁੱਲ੍ਹੋਵਾਲ ਦੇ ਬਜ਼ਾਰ ਵਿੱਚ ਕੋਈ ਨੌਜਵਾਨ ਲੜਕੇ ਆਪਣੇ ਮੋਟਰਸਾਈਕਲ ਤੇ ਅਲੱਗ-ਅਲੱਗ ਤਰ੍ਹਾਂ ਦੇ ਸ਼ੇਅਰ ਲਿਖ ਕੇ ਸ਼ਰੇਆਮ ਘੁੰਮਦੇ ਨਜ਼ਰ ਆ ਰਹੇ ਹਨ। ਅਜਿਹੇ ਮੋਟਰਸਾਈਕਲ ਤੇ ਜ਼ਿਆਦਾ ਤਰ੍ਹਾਂ ਨੌਜਵਾਨ ਮੁੰਡੇ ਸਕੂਲਾਂ ਤੇ ਕਾਲਜਾਂ ਦੇ ਹਨ। ਇਸ ਵੱਲ ਪ੍ਰਸ਼ਾਸਨ ਕੋਈ ਵੀ ਧਿਆਨ ਨਹੀਂ ਦੇ ਰਿਹਾ। ਬਿਨਾਂ ਨੰਬਰ ਦੇ ਚੱਲ ਰਹੇ ਮੋਟਰਸਾਈਕਲਾਂ ਨੇ ਕਈ ਵਾਰ ਚੋਰੀਆਂ ਅਤੇ ਡਕੈਤੀਆਂ ਨੂੰ ਵੀ ਇਲਜਾਮ ਦਿੱਤਾ ਜਾਂਦਾ ਹੈ, ਕਿਉਂਕਿ ਕਈ ਗੁੰਡੇ ਨੌਜਵਾਨ ਬਿਨਾਂ ਨੰਬਰ ਦੇ ਮੋਟਰਸਾਈਕਲਾਂ ਤੇ ਸਵਾਰ ਹੋ ਕੇ ਸ਼ਰੇਆਮ ਘੁੰਮ ਹੋਣ ਕਾਰਨ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ। ਇਸ ਲਈ ਪ੍ਰਸ਼ਾਸਨ ਵਿਭਾਗ ਨੂੰ ਚਾਹੀਦਾ ਹੈ ਕਿ ਬੁੱਲੋਵਾਲ ਕਸਬੇ ਵਿੱਚ ਬਿਨਾਂ ਨੰਬਰ ਤੋਂ ਚੱਲਦੇ ਮੋਟਰਸਾਈਕਲਾਂ ਨੂੰ ਸਖਤੀ ਨਾਲ ਫੜ ਕੇ ਚਲਾਨ ਕੱਟੇ ਜਾਣ ਤੇ ਮੋਟਰਸਾਈਕਲ ਫੜ ਕੇ ਥਾਣੇ ਵਿੱਚ ਬੰਦ ਕੀਤੇ ਜਾਣ। ਇੱਥੇ ਇਹ ਵੀ ਗੱਲ ਦੱਸਣਯੋਗ ਹੈ ਕਿ ਬਿਨਾਂ ਨੰਬਰ ਦੇ ਮੋਟਰਾਈਸਕਲ ਵੱਡੇ ਘਰਾਂ ਦੇ ਮੁੰਡੇ ਚੱਲਾ ਰਹੇ ਹਨ ਜੋ ਕਿ ਸਿਆਸੀ ਪਹੁੰਚ ਰੱਖਦੇ ਹਨ, ਜੋ ਸ਼ਰੇਆਮ ਬਜਾਰ ਵਿੱਚ ਵੱਡੇ-ਵੱਡੇ ਹਾਰਨ ਲਾ ਕੇ ਕਈ ਨੌਜਵਾਨ ਮੋਟਰਸਾਈਕਲ ਚੱਲਾ ਰਹੇ ਹਨ। ਇਨ੍ਹਾਂ ਮੋਟਰਸਾਈਕਲਾਂ ਤੇ ਲਗਾਏ ਗਏ ਵੱਡੇ-ਵੱਡੇ ਹਾਰਨਾਂ ਤੋਂ ਰਾਹ ਤੇ ਜਾ ਰਿਹਾ ਦੂਸਰਾ ਆਦਮੀ ਇੱਕਦਮ ਡਰ ਜਾਂਦਾ ਹੈ। ਬੁੱਲੋਵਾਲ ਕਸਬੇ ਦੇ ਪ੍ਰਧਾਨ ਨਿਰਮਲ ਕੁਮਾਰ ਬਿਸ, ਸਰਪੰਚ ਅਵਤਾਰ ਸਿੰਘ, ਪੰਚ ਸੋਹਣ ਲਾਲ ਸ਼ਰਧਾ ਅਤੇ ਕਸਬੇ ਵਿੱਚ ਰਹਿੰਦੇ ਲੋਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਮੋਟਰਸਾਈਕਲਾਂ ਚਲਾਉਣ ਵਾਲੇ ਨੌਜਵਾਨਾਂ ਤੇ ਜਲਦ ਤੋਂ ਜਲਦ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇ।

ਰਾਠੌਰ ਦੀ ਗ੍ਰਿਫ਼ਤਾਰੀ ਤੋਂ ਹਰਿਆਣਾ...

ਸਫਾ 1 ਦੀ ਬਾਕੀ

ਖਾਰਿਜ ਹੋਣ ਤੋਂ ਬਾਅਦ ਤੋਂ ਹੀ ਮੰਨਿਆ ਜਾ ਰਿਹਾ ਸੀ ਕਿ ਪੁਲਿਸ ਉਸ ਨੂੰ ਕਦੇ ਵੀ ਗ੍ਰਿਫ਼ਤਾਰ ਕਰ ਸਕਦੀ ਹੈ। ਹਾਲਾਂਕਿ, ਗ੍ਰਿਫ਼ਤਾਰੀ ਤੋਂ ਬਚਣ ਲਈ ਰਾਠੌਰ ਹਾਈਕੋਰਟ ਦਾ ਦਰਵਾਜਾ ਖੜਕਾ ਸਕਦੇ ਹਨ। ਵਧੀਕ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਸੰਜੀਵ ਜਿੰਦਲ ਨੇ ਰਾਠੌਰ ਖ਼ਿਲਾਫ 29 ਦਸੰਬਰ ਨੂੰ ਦਰਜ ਦੋ ਨਵੇਂ ਕੇਸਾਂ ਵਿੱਚ ਅਗਾਊਂ ਜ਼ਮਾਨਤ ਦੀ ਪਟੀਸ਼ਨ ਖਾਰਿਜ ਕੀਤੀ ਸੀ। ਰਾਠੌਰ ਖ਼ਿਲਾਫ 29 ਦਸੰਬਰ ਨੂੰ ਆਤਮ-ਹੱਤਿਆ ਲਈ ਮਜ਼ਬੂਰ ਕਰਨ, ਧੋਖਾਧੜੀ, ਜਾਲਸਾਜ਼ੀ ਅਤੇ ਅਪਰਾਧਿਕ ਸਾਜਿਸ਼ ਰਚਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ 12 ਅਗਸਤ 1990 ਨੂੰ ਰਾਠੌਰ ਨੇ 14 ਸਾਲਾ ਰੁਚਿਕਾ ਦੇ ਨਾਲ ਕਥਿਤ ਦੁਰ-ਵਿਵਹਾਰ ਕੀਤਾ ਸੀ ਅਤੇ ਉਸ ਦੇ ਤਿੰਨ ਸਾਲ ਬਾਅਦ ਰੁਚਿਕਾ ਨੇ ਆਤਮ-ਹੱਤਿਆ ਕਰ ਲਈ ਸੀ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਪਿਛਲੇ ਦਿਨੀਂ ਰੁਕਿਚਾ ਮਾਮਲੇ ਵਿੱਚ ਰਾਠੌਰ ਨੂੰ 6 ਮਹੀਨੇ ਦੀ ਸਜ਼ਾ ਸੁਣਾਈ ਸੀ ਪਰ 10 ਮਿੰਟ ਦੇ ਅੰਦਰ ਹੀ ਉਸ ਨੂੰ ਜ਼ਮਾਨਤ ਮਿਲ ਗਈ ਸੀ।

ਟਕਸਾਲ ਮੁਖੀ ਵੱਲੋਂ ਲੁਧਿਆਣਾ...

ਸਫਾ 1 ਦੀ ਬਾਕੀ

ਲੁਧਿਆਣਾ ਗੋਲੀ ਕਾਂਡ ਦੇ ਜ਼ਿੰਮੇਵਾਰ ਪੁਲਿਸ ਅਧਿਕਾਰੀ, ਆਸ਼ੂਤੋਸ਼, ਮੁੱਖ ਸ਼ਾਜਿਸ਼ੀ ਹਰੀਸ਼ ਬੇਦੀ ਅਤੇ ਹਨੀ ਬੇਦੀ ਵਿਰੁੱਧ ਕਾਰਵਾਈ ਕਰਵਾਉਣ ਲਈ ਆਪਣਾ ਸ਼ੰਘਰਸ਼ ਜਾਰੀ ਰੱਖੇਗਾ। ਰਾਜਪਾਲ ਵੱਲੋਂ ਕੋਈ ਕਾਰਵਾਈ ਨਾ ਹੋਣ ਕਰਕੇ ਸ਼ੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕਣ ਲਈ ਇੱਕ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਸਲਾਹ ਮਸ਼ਵਰਾ ਕਰਕੇ ਅਗਲਾ ਪ੍ਰੋਗਰਾਮ ਉਲੀਕੇਗੀ। ਕਮੇਟੀ ਵਿੱਚ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲੇ, ਬਾਬਾ ਪਰਮਜੀਤ ਸਿੰਘ ਮਾਹਲਪੁਰ ਵਾਲੇ, ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਬਾਬਾ ਸੁਖਚੈਨ ਸਿੰਘ ਧਰਮਪੁਰਾ ਵਾਲੇ, ਬਾਬਾ ਲਖਵੀਰ ਸਿੰਘ ਰਤਵਾੜਾ ਵਾਲੇ ਅਤੇ ਭਾਈ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਹਰਜਿੰਦਰ ਸਿੰਘ ਜਿੰਦੂ ਨਾਨਕਸਰ ਵਾਲੇ ਸ਼ਾਮਲ ਕੀਤੇ ਗਏ ਹਨ।

ਪੰਜਾਬ ਦਾ ਖਜ਼ਾਨਾ ਖਾਲੀ...

ਸਫਾ 1 ਦੀ ਬਾਕੀ

3500 ਕਰੋੜ ਰੁਪਏ ਕਰਮਚਾਰੀਆਂ ਦੀ ਪੈਨਸ਼ਨ 'ਤੇ ਖਰਚ ਕਰਨੇ ਪੈ ਰਹੇ ਹਨ। ਇਸ ਸਾਲ ਰਾਜ ਦੀ 8625 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਮਨਜ਼ੂਰ ਹੋਈ ਹੈ। ਜਿਸ ਵਿੱਚ ਰਾਜ ਨੂੰ 4000 ਕਰੋੜ ਰੁਪਏ ਕੇਂਦਰ ਦੀ ਸਪੋਂਸਰ ਯੋਜਨਾਵਾਂ ਵਿੱਚ ਪਾਉਣਾ ਹੈ।

ਸਵ. ਅਨੂਪ ਸਿੰਘ ਗਾਬਾ...

ਸਫਾ 1 ਦੀ ਬਾਕੀ

ਮੱਕੜ ਵਿਧਾਇਕ ਆਦਮਪੁਰ, ਪ੍ਰੋ. ਗੁਰਨਾਮ ਸਿੰਘ, ਪ੍ਰੋ. ਤੇਜਾ ਸਿੰਘ ਬੱਲ, ਸ. ਗੁਰਬਚਨ ਸਿੰਘ ਸੰਪਾਦਕ ਦੇਸ਼ ਪੰਜਾਬ, ਸ. ਰਾਮ ਸਿੰਘ ਇਨਸਾਫ਼, ਕੌਂਸਲਰ ਪ੍ਰਿੰਸ ਮੱਕੜ, ਕੌਂਸਲਰ ਕਮਲਜੀਤ ਸਿੰਘ ਓਬਰਾਏ, ਸ. ਸੁਰਜੀਤ ਸਿੰਘ ਚੀਮਾ, ਡਾ. ਮਨਦੀਪ ਸਿੰਘ ਸੇਠੀ ਪ੍ਰਧਾਨ ਗੁਰਦੁਆਰਾ ਸਾਹਿਬ ਮਾਡਲ ਟਾਊਨ, ਹਰਮਿੰਦਰ ਸਿੰਘ ਰੰਧਾਵਾ ਪ੍ਰਬੰਧਕੀ ਅਧਿਕਾਰੀ ਗੁਰੂ ਅਮਰਦਾਸ ਪਬਲਿਕ ਸਕੂਲ ਆਦਿ ਸ਼ਾਮਲ ਸਨ। ਰਾਗੀ ਜਥਿਆ ਨੇ ਵਿਛੜੀ ਆਤਮਾ ਸ. ਅਨੂਪ ਸਿੰਘ ਗਾਬਾ ਦੀਆਂ ਸਿੱਖੀ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਮਨੋਹਰ ਕੀਰਤਨੀ ਰਾਹੀਂ ਜ਼ਿੰਦਗੀ ਦੇ ਦੁੱਖ ਸੁੱਖ ਝੱਲਣ ਦੇ ਗੁਰਬਾਣੀ ਦੇ ਫਲਸਦੇ ਦੀ ਵਿਆਖੀ ਕੀਤੀ।

ਮੌਸਮ ਦੀ ਮਰਜ਼ੀ...

ਸਫਾ 1 ਦੀ ਬਾਕੀ

ਸਾਹ ਘੁੱਟ ਕੇ ਮਰਨ ਦਾ ਸਬੱਬ ਬਣਾਉਂਦੀ ਹੈ। ਇਸ ਦੌਰਾਨ ਪਹਾੜਾਂ 'ਤੇ ਗਰਮੀ ਅਤੇ ਮੈਦਾਨਾਂ 'ਚ ਸਰਦੀ, ਮੌਸਮ ਦੀ ਕੁਝ ਇਸ ਤਰ੍ਹਾਂ ਦੀ ਹੀ ਮਰਜ਼ੀ ਹੈ। ਇੰਨ ਦਿਨਾਂ 'ਚ ਹਿਮਾਚਲ ਦੀ ਗੋਦ 'ਚ ਬਸੇ ਸ਼ਹਿਰਾਂ 'ਚ ਤਾਪਮਾਨ ਆਮ ਤੋਂ ਉੱਪਰ ਚੱਲ ਰਿਹਾ ਹੈ, ਇਸ ਦੇ ਉਲਟ ਅੰਮ੍ਰਿਤਸਰ ਤੋਂ ਕੋਲਕੱਤਾ ਤੱਕ 'ਚ ਪਾਰਾ ਆਮ ਤੋਂ ਥੱਲ੍ਹੇ ਹੈ। ਸ਼ਿਮਲਾ ਅਤੇ ਕੁੱਲੂ ਵਰਗੇ ਸੈਰ ਸਪਾਟੇ ਵਾਲੇ ਸਥਾਨਾਂ 'ਚ ਮੌਸਮ ਬਹੁਤ ਬੇਈਮਾਨ ਬਣਾ ਹੋਇਆ ਹੈ। ਸ਼ਿਮਲਾ 'ਚ ਇਨਾਂ ਦਿਨਾਂ 'ਚ ਤਾਪਮਾਨ 17-18 ਡਿਗਰੀ ਦੇ ਆਸਪਾਸ ਚੱਲ ਰਿਹਾ ਹੈ। ਇਹ ਆਮ ਤੋਂ 8-9 ਡਿਗਰੀ ਉੱਪਰ ਹੈ। ਕੁੱਲੂ, ਕੇਲਾਂਗ ਅਤੇ ਧਰਮਸ਼ਾਲਾ 'ਚ ਪਾਰਾ 4-6 ਡਿਗਰੀ ਉੱਪਰ ਹੈ। ਸ੍ਰੀ ਨਗਰ (ਕਸ਼ਮੀਰ) ਅਤੇ ਉੱਤਰਾਖੰਡ ਜਾਂ ਫਿਰ ਇੰਫਾਲ (ਮਣੀਪੁਰ) ਤੱਕ ਪਾਰਾ ਕਈ ਕਈ ਡਿਗਰੀ ਉਬੱਪਰ ਹੀ ਚੱਲ ਰਿਹਾ ਹੈ। ਪਰ ਮੈਦਾਨੀ ਹਿੱਸਿਆ 'ਚ ਸਥਿਤੀ ਠੀਕ ਉਲਟੀ ਹੈ। ਸਰਦੀ ਅਤੇ ਸਰਦ ਹਵਾਵਾਂ ਦਾ ਪਾਰਾ ਕਈ ਸ਼ਹਿਰਾਂ 'ਚ 4 ਤੋਂ 8 ਡਿਗਰੀ ਥੱਲ੍ਹੇ ਚੱਲ ਰਿਹਾ ਹੈ। ਅੰਮ੍ਰਿਤਸਰ 'ਚ 5 ਡਿਗਰੀ ਦੀ ਗਿਰਾਵਟ ਹੈ ਤਾਂ ਦਿੱਲੀ 'ਚ 3 ਡਿਗਰੀ ਦੀ। ਲਖਨਊ ਅਤੇ ਕੋਲਕੱਤਾ ਤੱਕ 'ਚ ਪਾਰਾ ਆਮ ਤੋਂ 2-2 ਡਿਗਰੀ ਥੱਲ੍ਹੇ ਹੈ। ਮੌਸਮ ਵਿਭਾਗ ਅਨੁਸਾਰ ਫ਼ਿਲਹਾਲ ਕੁਝ ਦਿਨਾਂ ਤੱਕ ਸਥਿਤੀ ਇਸ ਤਰ੍ਹਾਂ ਹੀ ਰਹੇਗੀ। ਇਸ ਦੌਰਾਨ ਸੰਘਣੇ ਕੋਹਰੇ ਦਾ ਵੀ ਸਾਮਣਾ ਕਰਨਾ ਪੈਸਕਦਾ ਹੈ। ਗੰਗਾ ਦੇ ਮੈਦਾਨੀ ਹਿੱਸੇ 'ਚ ਸ਼ੀਤ ਲਹਿਰ ਨਾਲ ਲੋਕਾਂ ਦੀ ਪ੍ਰੇਸ਼ਾਨੀ ਹੋਰ ਵੱਧ ਸਕਦੀ ਹੈ।

ਬਾਦਲ ਵੱਲੋਂ ਕੈਨੇਡਾ ਦੇ ਸਪੀਕਰ...

ਸਫਾ 1 ਦੀ ਬਾਕੀ

ਅਦਾਨ ਪ੍ਰਦਾਨ ਕਰਨ ਨਾਲ ਭਾਰਤੀ ਅਤੇ ਕਨੈਡਾ ਦੀ ਆਰਥਿਕਤਾ ਨੂੰ ਲਾਭ ਪਹੁੰਚੇਗਾ। ਵਿਚਾਰ ਚਰਚਾ ਵਿਚ ਹਿੱਸਾ ਲੈਂਦੇ ਹੋਏ ਸ: ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਨਵੀਂ ਉਧਯੋਗ ਨੀਤੀ ਤਿਆਰ ਕੀਤੀ ਹੈ ਅਤੇ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ ਜੋ ਕਿ ਪੰਜਾਬ ਵਿਚ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਅਤੇ ਢੁਕਵਾਂ ਮਹੌਲ ਮੁਹਈਆ ਕਰਵਾਏਗਾ।ਉਨ੍ਹਾਂ ਨੇ ਇਸ ਸਬੰਧ ਵਿਚ ਰਾਜ ਸਰਕਾਰ ਵੱਲੋਂ ਪੂਰੇ ਸਮਰਥਣ ਅਤੇ ਸਹਿਯੋਗ ਦਾ ਭਰੋਸਾ ਦਵਾਇਆ। ਸ੍ਰੀ ਪੀਟਰ ਮਿਲਕਨ ਨੇ ਹਾਲ ਹੀ ਦੇ ਕੀਤੇ ਪੰਜਾਬ ਦੌਰੇ ਦੌਰਾਨ ਪ੍ਰਾਪਤ ਕੀਤੀਆਂ ਤਜ਼ਰਬਿਆਂ ਨੂੰ ਮੁੱਖ ਮੰਤਰੀ ਨਾਲ ਸਾਂਝਾ ਕੀਤਾ ਅਤੇ ਉਨ੍ਹਾਂ ਨੂੰ ਕਨੈਡਾ ਆਉਣ ਦਾ ਸਦਾ ਦਿਤਾ।ਸ: ਬਾਦਲ ਨੇ ਕਨੇਡੀਅਨ ਸਪੀਕਰ ਦੇ ਸਨਮਾਨ ਵਿਚ ਦੁਪਿਹਰ ਦਾ ਖਾਣਾ ਵੀ ਦਿਤਾ। ਇਸ ਮੌਕੇ ਹਾਜ਼ਰ ਹੋਰਨਾਂ ਵਿਚ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਸ੍ਰੀ ਚਰਨਜੀਤ ਅਟਵਾਲ,ਸਾਬਕਾ ਐਮ.ਪੀ.ਸ੍ਰੀ ਸੁਖਦੇਵ ਸਿੰਘ ਢੀਡਸਾ,ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ,ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਸਤਪਾਲ ਗੁਸਾਂਈ,ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸ੍ਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ੍ਰੀ ਡੀ.ਐਸ.ਗੁਰੂ ਸਾਂਮਲ ਸਨ।

ਸਰਹੱਦ ਪਾਰੋਂ ਫਾਇਰਿੰਗ, ਵਾਹਘਾ ਸਰਹੱਦ...

ਸਫਾ 1 ਦੀ ਬਾਕੀ

ਰਹੇ ਹਨ। ਉਥੇ ਹੀ, ਦੂਸਰੇ ਪਾਸੇ ਪੰਜਾਬ ਵਿੱਚ ਅੰਮ੍ਰਿਤਸਰ ਨਾਲ ਲੱਗਦੀ ਵਾਹਘਾ ਸਰਹੱਦ ਕੋਲ ਵੀ ਪਾਕਿਸਤਾਨ ਦੇ ਸ਼ੱਕੀ ਅੱਤਵਾਦੀਆਂ ਵੱਲੋਂ ਰਾਕੇਟ ਦਾਗੇ ਜਾਣ ਦੀ ਖ਼ਬਰ ਹੈ। ਸੂਤਰਾਂ ਮੁਤਾਬਿਕ ਰਾਤ 12 ਵਜੇ ਤੋਂ ਬਾਅਦ ਤਕਰੀਬਨ ਚਾਰ ਰਾਕੇਟ ਦਾਗੇ ਗਏ ਹਨ। ਬੀ.ਐਸ.ਐਫ. ਨੇ ਵੀ ਜਵਾਬ ਫਾਇਰਿੰਗ ਕੀਤੀ। ਅਟਾਰੀ ਸੈਕਟਰ ਦੀ ਕਾਹਨਗੜ੍ਹ ਚੌਕੀ ਕੋਲ ਇੱਕ ਖੇਤ ਵਿੱਚ ਇਹ ਰਾਕੇਟ ਬਰਾਮਦ ਕੀਤੇ ਗਏ। ਪੰਜਾਬ ਫਰੰਟੀਅਰ ਦੇ ਆਈ.ਜੀ.ਪੀ. ਹਿੰਮਤ ਸਿੰਘ ਨੇ ਦੱਸਿਆ ਕਿ ਇਸ ਹਮਲੇ ਵਿੱਚ ਕੋਈ ਨੁਕਸਾਨ ਨਹੀਂ ਹੋਇਆ ਹੈ। ਵਾਪਰੀ ਘਟਨਾ ਤੋਂ ਬਾਅਦ ਬੀ. ਐਸ. ਐਫ. ਵੱਲੋਂ ਅਟਾਰੀ ਸਰਹੱਦ 'ਤੇ ਪਾਕਿਸਤਾਨ ਰੇਂਜਰਾਂ ਨਾਲ ਐਮਰਜੈਂਸੀ ਮੀਟਿੰਗ ਕੀਤੀ ਗਈ ਜਿਸ ਵਿਚ ਬੀ. ਐਸ. ਐਫ. ਦੇ ਕਮਾਂਡੈਂਟ ਸ: ਐਚ. ਐਸ. ਢਿੱਲੋਂ ਨੇ ਪਾਕਿ ਰੇਂਜਰਾਂ ਨੂੰ ਚਿਤਾਵਨੀ ਦਿੱਤੀ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਰੋਕੀਆਂ ਜਾਣ ਨਹੀਂ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।

ਪੰਜਾਬ ਐਨ.ਆਰ.ਆਈਜ਼ ਲਈ ਸਟੇਟ ਕਮਿਸ਼ਨ...

ਸਫਾ 1 ਦੀ ਬਾਕੀ

ਪੰਜਾਬ ਦੇ ਹਰ ਜ਼ਿਲ੍ਹੇ ਵਿਚ ਪ੍ਰਵਾਸੀ ਭਾਰਤੀਆਂ ਲਈ ਵੱਖਰੀ ਮਾਲ ਅਦਾਲਤ ਹੈ।6 ਜ਼ਿਲ੍ਹਿਆਂ ਵਿਚ ਜਿੱਥੇ ਪ੍ਰਵਾਸੀ ਭਾਰਤੀਆਂ ਦੀ ਸੰਖਿਆ ਜ਼ਿਆਦਾ ਹੈ ਉਥੇ ਐਨ.ਆਰ.ਆਈ. ਪਲਸ ਸਟੇਸ਼ਨ ਸਥਾਪਿਤ ਕੀਤੇ ਗਏ ਹਨ।ਪੰਜਾਬ ਅਤੇ ਹਰਿਆਣਾਂ ਹਾਈਕੋਰਟ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਜਲੰਧਰ ਵਿਚ ਐਨ.ਆਰ.ਆਈ. ਜਨਸੰਖਿਆ ਲਈ ਇਕ ਅਦਾਲਤ ਖੋਲੀ ਗਈ ਹੈ।ਉਪ ਮੁੱਖ ਮੰਤਰੀ ਨੇ ਦੱਸਿਆ ਕਿ ਡਾਇਰਕਟੋਰੇਟ ਆਫ ਐਨ.ਆਰ.ਆਈਜ਼ ਦਾ ਦਫਤਰ ਸਕੱਤਰੇਤ ਤੋਂ ਬਦਲ ਕੇ ਚੰਡੀਗੜ੍ਹ ਸੈਕਟਰ-17 ਵਿੱਖੇ ਬਣਾਇਆ ਗਿਆ ਹੈ ਤਾਂ ਜੋ ਐਨ.ਆਰ.ਆਈਜ਼ ਨੂੰ ਦਫਤਰ ਵਿਚ ਪੁੰਹਚ ਕਰਨ ਵਿਚ ਜ਼ਿਆਦ ਸੁਵਿਧਾ ਮਿਲ ਸਕੇ। ਪੰਜਾਬ ਦੀ ਪ੍ਰਗਤੀ ਵਿਚ ਪ੍ਰਵਾਸੀ ਭਾਰਤੀਆਂ ਨੂੰ ਭਾਈਵਾਲ ਬਨਣ ਦਾ ਸੱਦਾ ਦਿੰਦੇ ਹੋਏ ਸ: ਬਾਦਲ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਤੇਜ਼ੀ ਨਾਲ ਵਧ ਰਹੀ ਹੈ। ਸੜਕ ਸੰਪਰਕ,ਬਣਾਏ ਜਾ ਰਹੇ ਤਿੰਨ ਅੰਤਰਰਾਸ਼ਟਰੀ ਹਵਾਈ ਅੱਡਿਆਂ ਨਾਲ ਹਵਾਈ ਸੰਪਰਕ ਸਣੇ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਮੁਹਈਆ ਕਰਵਾਇਆ ਜਾ ਰਿਹਾ ਹੈ। ਸਭ ਤੋ ਮਹੱਤਵਪੂਰਣ ਗੱਲ ਇਹ ਹੈ ਕਿ ਪੰਜਾਬ ਦੇਸ਼ ਦਾ ਪਹਿਲਾ ਰਾਜ਼ ਹੈ ਜਿਸ ਨੂੰ ਅਗਲੇ ਦੋ ਸਾਲਾਂ ਵਿਚ ਵਾਧੂ ਬਿਜਲੀ ਵਾਲਾ ਰਾਜ਼ ਬਣਾਇਆ ਜਾ ਰਿਹਾ ਹੈ।ਇਸ ਕਰਕੇ ਪੰਜਾਬ ਪ੍ਰਵਾਸੀ ਭਾਰਤੀਆਂ ਲਈ ਨਿਵੇਸ਼ ਕਰਨ ਦੀ ਵਧੀਆ ਥਾ ਹੈ। ਉਨ੍ਹਾਂ ਨੇ ਪ੍ਰੌਜੈਕਟਾਂ ਨੂੰ ਹਰੀ ਝੰਡੀ ਦੇਣ ਲਈ ਸਿੰਗਲ ਵਿੰਡੋ ਸਰਵਿਸ ਦੀ ਪੇਸ਼ਕਸ਼ ਕਰਦੇ ਹੋਏ ਸ: ਬਾਦਲ ਨੇ ਦੱਸਿਆ ਕਿ ਪੰਜਾਬ ਇਕੋ ਇਕ ਰਾਜ ਹੈ ਜਿਥੇ ਪ੍ਰਵਾਸੀ ਭਾਰਤੀਆਂ ਲਈ ਵੱਖਰੇ ਪੁਲਸ ਥਾਣੇ ਸਥਾਪਤ ਕੀਤੇ ਗਏ ਹਨ ਅਤੇ ਮਾਲ ਨਿਯਮਾਂ ਵਿਚ ਸੋਧ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੇ ਬਾਹਰ ਰਹਿਣ ਦੇ ਸਮੇਂ ਦੌਰਾਨ ਉਨ੍ਹਾਂ ਦੀ ਜਾਇਦਾਦ ਉਤੇ ਧੱਕੇ ਨਾਲ ਕਬਜਾ ਕਰਨ ਦੇ ਕੇਸ਼ਾਂ ਵਿਚ ਉਨ੍ਹਾਂ ਨੂੰ ਰਾਹਤ ਦਿਤੀ ਜਾਵੇ। ਨਵੀਂ ਗਿਆਨ ਅਧਾਰਿਤ ਸਨਅਤ ਲਈ ਮਾਨਵੀ ਵਸੀਲਿਆਂ ਦੇ ਵਿਕਾਸ ਨੂੰ ਰੀੜ ਦੀ ਹੱਡੀ ਦੱਸਦੇ ਹੋਏ ਸ: ਬਾਦਲ ਨੇ ਕਿਹਾ ਕਿ ਇਸ ਨੂੰ ਮਹਿਸੂਸ ਕਰਦੇ ਹੋਏ ਹੀ ਪੰਜਾਬ ਨੇ ਸਿੱਖਿਆ ਸੈਕਟਰ ਵਿਚ ਵੱਡੀ ਪੱਧਰ ਤੇ ਨਿਵੇਸ਼ ਕੀਤਾ ਹੈ।12 ਯੂਨੀਵਰਸ਼ਟੀਆਂ,67 ਤਕਨੀਕੀ ਸੰਸਥਾਵਾਂ,ਬਠਿੰਡਾ ਵਿੱਖੇ ਪ੍ਰਸਤਾਵਤ ਸੈਂਟਰਲ ਯੂਨੀਵਰਸਟੀ,ਬਣਾਏ ਜਾ ਰਹੇ ਇੰਡਿਅਨ ਸਕੂਲ ਆਫ ਬਿਜਨਸ,ਆਈ.ਆਈ.ਟੀ. ਰੋਪੜ ਅਤੇ ਮੁਹਾਲੀ,ਨੈਸ਼ਨਲ ਐਗਰੀ-ਬਾਇਓਟੈਕ ਇੰਸਟੀਚਿਊਟ ਅਤੇ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਮੁਹਾਲੀ ਤੋਂ ਇਲਾਵਾ ਬਠਿੰਡਾ ਵਿੱਖੇ ਇੰਡੀਅਨ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਆਈ.ਟੀ. ਉਦਯੋਗ ਸਣੇ ਗਿਆਨ ਅਧਾਰਤ ਉਦਯੋਗ ਲਈ ਵੱਖ ਵੱਖ ਤਰ੍ਹਾਂ ਦੇ ਮਿਆਰੀ ਮਾਨਵੀ ਵਸੀਲੇ ਮੁੱਹਈਆ ਕਰਵਾਉਣ ਲਈ ਉਪਲਬਧ ਹਨ।ਉਨ੍ਹਾਂ ਕਿਹਾ ਕਿ ਬੁਨਿਆਦੀ ਤੌਰ ਤੇ ਪੰਜਾਬ ਖੇਤੀ ਅਧਾਰਿਤ ਆਰਥਿਕਤਾ ਵਾਲਾ ਸੂਬਾ ਹੈ ਜਿਸ ਨੇ ਖੇਤੀ ਰਹਿੰਦ-ਖੂੰਹਦ ਨੂੰ ਫਿਊਲ ਵੱਜੋ ਵਰਤੋਂ ਵਿਚ ਲਿਆ ਕੇ ਪਾਵਰ ਪਲਾਂਟ ਸਥਾਪਿਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਹਰ ਸਾਲ 20 ਮਿਲੀਅਨ ਟਨ ਖੇਤੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ ਜਿਸ ਦੀ 3000 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮੱਰਥਾ ਹੈ ਇਸ ਲਈ ਨਿਵੇਸ਼ ਦੀ ਵੀ ਬਹੁਤ ਘੱਟ ਲੋੜ ਹੈ ਉਨ੍ਹਾਂ ਕਿਹਾ ਕਿ ਦੋ ਪ੍ਰਵਾਸੀ ਭਾਰਤੀਆਂ ਨੇ ਪਹਿਲਾਂ ਹੀ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜ਼ਿਲਿਆਂ ਵਿਚ ਪੰਜ ਮੈਗਾਵਾਟ ਦੇ ਸੌਰ ਊਰਜਾ ਸਟੇਸ਼ਨ ਸਥਾਪਤ ਕੀਤੇ ਹਨ।ਪ੍ਰਵਾਸੀ ਭਾਰਤੀਆਂ ਲਈ ਇਹ ਬਹੁਤ ਵਧੀਆ ਨਿਵੇਸ਼ ਹੈ ਜਿਸ ਲਈ ਬਹੁਤ ਘੱਟ ਨਿਗਰਾਨੀ ਦੀ ਲੋੜ ਹੈ। ਐਨ.ਆਰ.ਆਈਜ਼ ਨੂੰ ਸ਼ਾਤੀ,ਸਦਭਾਵਨਾਂ ਅਤੇ ਖੁਸ਼ਹਾਲੀ ਦੇ ਦੂਤ ਦੱਸਦੇ ਹੋਏ ਸ: ਬਾਦਲ ਨੇ ਕਿਹਾ ਕਿ ਉਹ ਸਮਾਂ ਆ ਗਿਆ ਹੈ ਜਦੋਂ ਸੂਰਜ਼ ਅਸਲ ਵਿਚ ਹੀ ਪੂਰਵ ਤੋਂ ਚੜ੍ਹੇਗਾ ਅਤੇ ਭਾਰਤ ਵਿਸ਼ਵ ਵਿਚ ਇਕ ਨੰਬਰ ਦੀ ਆਰਥਿਕ ਸ਼ਕਤੀ ਵੱਜੋਂ ਉਭਰੇਗਾ।ਉਨ੍ਹਾਂ ਕਿਹਾ ਕਿ ਅਮਰੀਕਾ ਦੀ ਆਰਥਿਕਤਾ ਵਿਚ ਹਾਲ ਹੀ ਵਿਚ ਆਏ ਉਤਾਰ ਚੜਾਅ ਨੇ ਇਹ ਸੰਭਾਵਨਾਂ ਜਤਾਈ ਹੈ ਕਿ ਚੀਨ ਅਤੇ ਭਾਰਤ ਇਸ ਤੋਂ ਬਚ ਨਿਕਲਣਗੇ ਅਤੇ ਆਰਥਿਕਤਾ ਵਿਚ 7 ਫੀਸਦੀ ਤੋਂ ਵੱਧ ਦਾ ਵਾਧਾ ਦਰ ਪ੍ਰਾਪਤ ਕਰਨਗੇ।ਸ: ਬਾਦਲ ਨੇ ਕਿਹਾ ਕਿ ਐਨ.ਆਰ.ਆਈਜ਼ ਨੇ ਪੱਛਮੀ ਆਰਥਿਕਤਾ ਦਾ ਸਭ ਤੋਂ ਵਧੀਆ ਸਮਾਂ ਦੇਖਿਆ ਅਤੇ ਮਾਂਣਿਆ ਹੈ ਅਤੇ ਹੁਣ ਉਹ ਸਮਾਂ ਆ ਗਿਆ ਹੈ ਜਦੋਂ ਉਹ ਆਪਣੀਆਂ ਜੜ੍ਹਾਂ ਨੂੰ ਮੁੜਨਗੇ ਅਤੇ ਦੇਸ਼ ਨੂੰ ਇਕ ਨੰਬਰ ਆਰਥਿਕ ਸੁਪਰ ਪਾਵਰ ਬਣਾਉਣ ਲਈ ਸਰਗਰਮ ਭਾਈਵਾਲ ਬਣਨਗੇ। ਬਾਅਦ ਵਿਚ ਸ:ਬਾਦਲ ਨੇ ਸ੍ਰੀਮਤੀ ਰੁਬੀ ਢੱਲਾ ਸਣੇ 250 ਤੋਂ ਵੱਧ ਐਨ.ਆਰ.ਆਈਜ਼ ਦੇ ਨਾਲ ਵਿਚਾਰ ਵਟਾਂਦਰਾ ਕੀਤਾ।ਫਰੈਂਚ ਸਕੂਲ ਵਿਚ ਸਿੱਖ ਬਚੇ ਨੂੰ ਪਗੜੀ ਦੀ ਆਗਿਆ ਨਾ ਦੇਣ ਸਬੰਧੀ ਭਾਰਤ ਸਰਕਾਰ ਦੀ ਅਸਫਲਤਾ ਸਬੰਧੀ ਸਵਾਲ ਦੇ ਜਵਾਬ ਵਿਚ ਸ: ਬਾਦਲ ਨੇ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਗਿਆ ਕੇਂਦਰੀ ਵਿਦੇਸ਼ ਮਾਮਲਿਆਂ ਦਾ ਮੰਤਰਾਲਾ ਫਰਾਂਸ ਸਰਕਾਰ ਅਗੇ ਆਪਣਾਂ ਕੇਸ ਸਹੀ ਢੰਗ ਨਾਲ ਨਹੀਂ ਰੱਖ ਸਕਿਆ। ਨਸਲੀ ਹਿੰਸਾ ਦੇ ਸਬੰਧ ਵਿਚ ਪ੍ਰਤੀਕ੍ਰਿਆ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਭਾਰਤ ਵਿਚ ਅਸਟਰੇਲੀਅਨ ਹਾਈ ਕਮਿਸ਼ਨਰ ਕੋਲ ਰੋਸ਼ ਦਰਜ਼ ਕਰਾਇਆ ਹੈ ਅਤੇ ਇਹ ਕੇਂਦਰ ਸਰਕਾਰ ਦੀ ਜ਼ੁੰਮੇਵਾਰੀ ਹੈ ਕਿ ਉਹ ਉਚ ਰਾਜਦੂਤਕ ਪੱਧਰ ਉਤੇ ਇਹ ਮਾਮਲਾ ਉਠਾਵੇ ਅਤੇ ਅਜਿਹੇ ਹਮਲਿਆਂ ਨੂੰ ਰੋਕਣ ਲਈ ਉਥੋਂ ਦੀ ਸਰਕਾਰ ਉਤੇ ਦਬਾਅ ਪਾਵੇ।

ਪੰਜਾਬ ਵਿਚ ਨਸਿਆਂ ਦੀ ਵਧ ਰਹੀ ਲਤ ਦੇ ਸਬੰਧ ਵਿਚ ਡੈਲੀਗੇਟਾਂ ਵੱਲੋਂ ਪ੍ਰਗਟਾਈ ਚਿੰਤਾ ਬਾਰੇ ਸ: ਬਾਦਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਇਕ ਸਾਲ ਤੋਂਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਅਤੇ ਸਮੱਗਲਰਾਂ ਵਿਰੁੱਧ ਜੰਗ ਅਰੰਭੀ ਹੋਈ ਹੈ ਅਤੇ ਪਿੱਛਲੇ 6 ਮਹੀਨਿਆਂ ਦੌਰਾਨ. ਰਿਕਾਰਡ ਤੋੜ ਨਸ਼ੇ ਬਰਾਮਦ ਹੋਏ ਹਨ। ਇਸ ਤੋਂ ਪਹਿਲਾਂ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਸ: ਸੇਵਾ ਸਿੰਘ ਸੇਖਵਾਂ ਨੇ ਦੱਸਿਆ ਕਿ ਐਨ.ਆਰ.ਆਈਜ਼ ਵੱਲੋਂ ਸ਼ੁਰੂ ਕੀਤੇ ਪ੍ਰਜੈਕਟਾਂ ਵਿਚ ਰਾਜ ਸਰਕਾਰ ਦੀ ਸਹਾਇਤਾ 50 ਫੀਸਦੀ ਤੋਂ ਵਧਾ ਕੇ 75 ਫੀਸਦੀ ਕਰ ਦਿਤੀ ਹੈ ਅਤੇ ਹੁਣ ਐਨ.ਆਰ.ਆਈਂਜ਼ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿਚ ਅਜਿਹੇ ਪ੍ਰੋਜੈਕਟ ਸਥਾਪਤ ਕਰ ਸਕਦੇ ਹਨ। ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਹਰਚੰਦ ਬੈਂਸ ਨੇ ਸ਼ੈਸ਼ਨ ਨੂੰ ਚਲਾਉਂਦੇ ਹੋਏ ਸ੍ਰੋਮਣੀ ਅਕਾਲੀ ਦੱਲ-ਭਾਜਪਾ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਲਏ ਵੱਖ ਵੱਖ ਫੈਸਲਿਆਂ ਦੀ ਜਾਣਕਾਰੀ ਦਿਤੀ।ਮੁੱਖ ਸਕੱਤਰ ਸ੍ਰੀ ਐਸ.ਸੀ.ਅਗਰਵਾਲ ਨੇ ਵੱਖ ਵੱਖ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਅਤੇ ਡਾਇਰੈਕਟਰਾਂ ਦੇ ਨਾਲ ਐਨ.ਆਰ.ਆਈ.ਡੈਲੀਗਟਾਂ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਦਿਤੇ।

ਸੁਤੰਤਰਤਾ ਸੰਗਰਾਮੀ ਦੀਵਾਨ ਜਗਦੀਸ਼ ਚੰਦਰ ਚੱਲ ਵਸੇ

ਸਫਾ 1 ਦੀ ਬਾਕੀ

ਪੰਜਾਬ ਅਤੇ ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਤਰਫੋ ਵਲੋ ਸ. ਪਰਮਜੀਤ ਸਿੰਘ ਸਿਧਵਾਂ ਰਾਜਨੀਤਕ ਸਕੱਤਰ ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਨੇ ਦੀਵਾਨ ਜਗਦੀਸ਼ ਚੰਦਰ ਦੀ ਮ੍ਰਿਤਕ ਦੇਹ ਤੇ ਫੁੱਲ ਮਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ।

ਸ਼੍ਰੀ ਹਰਨਾਮ ਦਾਸ ਜੌਹਰ ਸਾਬਕਾ ਮੰਤਰੀ, ਸ਼੍ਰੀ ਸੁਰਿੰਦਰ ਡਾਬਰ ਸਾਬਕਾ ਪਾਰਲੀਮਾਨੀ ਸਕੱਤਰ, ਸ. ਮਲਕੀਤ ਸਿੰਘ ਦਾਖਾ ਅਤੇ ਸ. ਮਲਕੀਤ ਸਿੰਘ ਬੀਰਮੀ (ਦੋਵੇ ਸਾਬਕਾ ਮੰਤਰੀ), ਸ. ਹਰਮੋਹਿੰਦਰ ਸਿੰਘ ਐਮ.ਐਲ.ਏ., ਸ਼੍ਰੀ ਜਗਮੋਹਨ ਸ਼ਰਮਾ ਪ੍ਰਧਾਨ ਜਿਲਾ ਕਾਂਗਰਸ ਕਮੇਟੀ ਨੇ ਵੀ ਸਵਰਗੀ ਦੀਵਾਨ ਜਗਦੀਸ਼ ਚੰਦਰ ਦੀ ਮ੍ਰਿਤਕ ਦੇਹ ਤੇ ਫੁੱਲ ਮਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ। ਅੱਜ ਸਵੇਰੇ ਸ਼੍ਰੀ ਹਰੀਸ਼ ਰਾਏ ਢਾਂਡਾ ਮੁੱਖ ਪਾਰਲੀਮਾਨੀ ਸਕੱਤਰ ਉਹਨਾਂ ਦੇ ਘਰ ਵਿਖੇ ਗਏ ਅਤੇ ਦੁਖੀ ਪਰਿਵਾਰ ਨਾਲ ਗਹਿਰੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਸਵਰਗੀ ਦੀਵਾਨ ਜਗਦੀਸ਼ ਚੰਦਰ 1952 ਵਿਚ ਲੁਧਿਆਣਾ ਦੇ ਪਹਿਲੇ ਐਮ.ਐਲ.ਏ. ਚੁਣੇ ਗਏ ਅਤੇ ਉਹਨਾਂ ਨੇ ਲੁਧਿਆਣਾ ਖਾਸ ਕਰਕੇ ਉਦਯੋਗਿਕ ਵਿਕਾਸ ਲਈ ਕੰਮ ਕੀਤਾ। ਆਪ ਲੁਧਿਆਣਾ ਕਾਂਗਰਸ ਕਮੇਟੀ ਦੇ ਲੰਬਾ ਸਮਾਂ ਪ੍ਰਧਾਨ ਰਹੇ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਜਨਰਲ ਸਕੱਤਰ ਵਜੋ ਕੰਮ ਕੀਤਾ। ਆਪ ਕਈ ਵਿਦਿਅੱਕ ਅਤੇ ਸਿਹਤ ਸੰਸਥਾਵਾਂ ਨਾਲ ਜੁੜੇ ਰਹੇ। ਆਪ 15 ਸਾਲ ਨਿਊ ਹਾਈ ਸਕੂਲ ਦੇ ਪ੍ਰਧਾਨ ਰਹੇ ਅਤੇ ਦਯਾਨੰਦ ਮੈਡੀਕਲ ਹਸਪਤਾਲ ਅਤੇ ਆਰੀਆ ਕਾਲਜ਼ ਲੁਧਿਆਣਾ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਬਰ ਵੀ ਰਹੇ। ਆਪ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਆਪ 16 ਸਾਲ ਦੀ ਉਮਰ ਵਿਚ ਹੀ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਕੁੱਦ ਪਏ। ਆਪ ਪਹਿਲੀ ਵਾਰ 17 ਸਾਲ ਦੀ ਉਮਰ ਵਿਚ ਹੀ ਜੇਲ੍ਹ ਗਏ ਅਤੇ ਆਪ ਨੇ ਆਪਣੀ ਦਸਵੀ ਦੀ ਪ੍ਰੀਖਿਆ ਸੈਟਰਲ ਜੇਲ ਮੁਲਤਾਨ ਵਿਚੋ ਦਿੱਤੀ। ਆਪ ਲੁਧਿਆਣਾ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਸਨ ਅਤੇ ਅੰਗਰੇਜ ਸਰਕਾਰ ਦੇ ਖਿਲਾਫ ਕਈ ਮੀਟਿੰਗਾ ਅਤੇ ਵਿਖਾਏ ਕੀਤੇ। ਆਪ ਭਾਰਤ ਛੱਡੋ ਅੰਦੋਲਨ ਅਤੇ ਨਾਂ-ਮਿਲਵਰਤਨ ਲਹਿਰ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਦੋਬਾਰਾ ਫਿਰ 4 ਸਾਲ ਜੇਲ੍ਹ ਵਿਚ ਰਹੇ। ਇਸ ਮੌਕੇ ਤੇ ਸ਼੍ਰੀ ਜੀਵਨ ਧਵਨ ਮੈਬਰ ਐਸ.ਐਸ. ਬੋਰਡ, ਸ਼੍ਰੀ ਹਰਨਾਮ ਦਾਸ ਜੌਹਰ ਸਾਬਕਾ ਮੰਤਰੀ, ਸ਼੍ਰੀ ਸੁਰਿੰਦਰ ਡਾਬਰ ਸਾਬਕਾ ਪਾਰਲੀਮਾਨੀ ਸਕੱਤਰ, ਸ. ਮਲਕੀਤ ਸਿੰਘ ਦਾਖਾ ਅਤੇ ਸ. ਮਲਕੀਤ ਸਿੰਘ ਬੀਰਮੀ (ਦੋਵੇ ਸਾਬਕਾ ਮੰਤਰੀ), ਸ. ਹਰਮੋਹਿੰਦਰ ਸਿੰਘ ਐਮ.ਐਲ.ਏ., ਸ਼੍ਰੀ ਜਗਮੋਹਨ ਸ਼ਰਮਾ ਪ੍ਰਧਾਨ ਜਿਲਾ ਕਾਂਗਰਸ ਕਮੇਟੀ, ਸ਼੍ਰੀ ਪਵਨ ਦੀਵਾਨ, ਸ਼੍ਰੀ ਪਰਮਿੰਦਰ ਮਹਿਤਾ, ਸ਼੍ਰੀ ਸੁਸ਼ੀਲ ਮਲਹੋਤਰਾ, ਸ਼੍ਰੀ ਡਿੰਪਲ ਰਾਣਾ, ਸ਼੍ਰੀ ਅਮਰਜੀਤ ਸਿੰਘ ਉਬਰਾਏ, ਸ਼੍ਰੀ ਹੇਮ ਰਾਜ ਅਗਰਵਾਲ, ਸ਼੍ਰੀ ਭਜਨ ਸਿੰਘ ਸੋਹਲ ਸੁਤੰਤਰਤਾ ਸੈਨਾਨੀ, ਸ਼੍ਰੀ ਰਾਮੇਸ਼ ਜੋਸ਼ੀ, ਸ਼੍ਰੀ ਕਸਤੂਰੀ ਲਾਲ ਮਿੱਤਲ ਅਤੇ ਸ਼੍ਰੀ ਰਾਵਿੰਦਰ ਸਿੰਘ ਬੱਲ ਤੋਂ ਇਲਾਵਾ ਸ਼੍ਰੀ ਪ੍ਰੇਮ ਚੰਦ ਐਸ.ਡੀ.ਐਮ. ਪੱਛਮੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਧਾਰਮਿਕ, ਸਮਾਜਿਕ, ਵਿਦਿਅੱਕ, ਰਾਜਨੀਤਕ, ਵਪਾਰਕ, ਉਦਯੋਗਿਕ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵੱਡੀ ਵਿਣਤੀ ਵਿੱਚ ਹਾਜਰ ਸਨ।

ਸੁਖਬੀਰ ਵੱਲੋ ਉਘੇ ਆਜ਼ਾਦੀ ਘੁਲਾਟੀਏ ਦੀਵਾਨ ਜਗਦੀਸ਼ ਚੰਦਰ ਦੀ ਮੌਤ 'ਤੇ ਦੁੱਖ ਪ੍ਰਗਟ

ਚੰਡੀਗੜ੍ਹ, 9 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਦੇ ਉੱਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਉਘੇ ਆਜ਼ਾਦੀ ਘੁਲਾਟੀਏ ਦੀਵਾਨ ਜਗਦੀਸ਼ ਚੰਦਰ (95) ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਜਿਨ੍ਹਾਂ ਦਾ ਅੱਜ ਸਵੇਰੇ ਲੁਧਿਆਣਾ ਵਿਖੇ ਸੰਖੇਪ ਬੀਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਹੈ। ਆਪਣੇ ਸ਼ੋਕ ਸੰਦੇਸ਼ ਵਿੱਚ ਸ: ਬਾਦਲ ਨੇ ਉਨ੍ਹਾਂ ਨੂੰ ਬਲਿਦਾਨ,ਨਿਸ਼ਕਾਮ ਸੇਵਾਵਾਂ ਅਤੇ ਸੰਘਰਸ਼ ਦਾ ਚਿੰਨ ਦੱਸਿਆ ਹੈ ਜਿਨ੍ਹਾਂ ਨੇ ਆਜ਼ਾਦੀ ਸੰਘਰਸ਼ ਦੇ ਸਮੇਂ ਦੌਰਾਨ ਮਹਾਨ ਯੋਗਦਾਨ ਦਿੱਤਾ ਅਤੇ ਕਈ ਵਾਰ ਜੇਲ੍ਹ ਵੀ ਗਏ।ਉਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਵੀ ਇੱਕ ਵਿਧਾਇਕ ਵਜੋਂ ਰਾਜ ਦੇ ਲੋਕਾਂ ਦੀ ਸੇਵਾ ਕੀਤੀ। ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਸ: ਬਾਦਲ ਨੇ ਵਿਛੜੀ ਆਤਮਾ ਦੀ ਰੂਹ ਦੀ ਸ਼ਾਂਤੀ ਅਤੇ ਇਹ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਸਹਿਣ ਕਰਨ ਲਈ ਪਰਿਵਾਰ ਨੂੰ ਬਲ ਬਖਸ਼ਣ ਲਈ ਪ੍ਰਮਾਤਮਾਂ ਅੱਗੇ ਅਰਦਾਸ ਕੀਤੀ।

ਦਿਸ਼ਾਹੀਣਤਾ ਦਾ ਆਲਮ...

ਸਫਾ 1 ਦੀ ਬਾਕੀ

ਰਿਆਇਤਾਂ ਮੰਗਣ ਲੱਗ ਪੈਂਦਾ ਹੈ। ਉਸ ਤੋਂ ਬਾਅਦ ਤੀਜਾ ਖੇਤਰ ਸਰਕਾਰ ਦੇ ਪਿੱਛੇ ਪੈ ਜਾਂਦਾ ਹੈ। ਉਸ ਤੋਂ ਬਾਅਦ ਵੱਖ-ਵੱਖ ਖੇਤਰਾਂ ਅਤੇ ਵਰਗਾਂ ਵਿੱਚ ਰਿਆਇਤਾਂ ਲਈ ਹੋੜ ਲੱਗੀ ਨਜ਼ਰ ਆਉਂਦੀ ਹੈ। ਇਸ ਪੱਖੋਂ ਸਰਕਾਰ ਦੀ ਹਾਲਤ 'ਲਾਹੌਰ ਦੇ ਸ਼ੌਕੀਨ ਤੇ ਬੋਝੇ ਵਿੱਚ ਗਾਜਰਾਂ' ਵਾਲੀ ਬਣ ਗਈ। ਦੂਸਰੇ ਸ਼ਬਦਾਂ ਵਿੱਚ ਇਸ ਦੀ ਹਾਲਤ 'ਪੱਲੇ ਨਹੀਂ ਧੇਲਾ, ਕਰਦੀ ਮੇਲਾ-ਮੇਲਾ ਵਾਲੀ ਹੈ ਅਤੇ ਗੱਲ ਇੱਥੋਂ ਤੱਕ ਪੁੱਜ ਗਈ ਕਿ ਜੇਕਰ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕਿਸਾਨਾਂ ਨੂੰ ਐਲਾਨੀਆਂ ਰਿਆਇਤਾਂ ਦੇਣ ਤੋਂ ਪਿੱਛੇ ਨਹੀਂ ਹਟਣਾ, ਜਿਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਸੂਬੇ 'ਤੇ ਹਜ਼ਾਰਾਂ ਕਰੋੜਾਂ ਰੁਪਏ ਦਾ ਬੋਝ ਪੈਂਦਾ ਹੈ ਤਾਂ ਸਰਕਾਰ ਦੀ ਦੂਜੀ ਭਾਈਵਾਲ ਧਿਰ ਭਾਜਪਾ ਪਿੱਛੇ ਕਿਉਂ ਰਹੇ? ਇਸ ਲਈ ਉਸ ਨੇ ਮੁੱਦਾ ਇਹ ਬਣਾ ਲਿਆ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਸਨਅਤਕਾਰਾਂ, ਵਪਾਰੀਆਂ ਅਤੇ ਘਰੇਲੂ ਖੇਤਰਾਂ ਵਿੱਚ ਬਿਜਲੀ ਦੀਆਂ ਵਧਾਈਆਂ ਦਰਾਂ ਵਾਪਸ ਲਈਆਂ ਜਾਣ, ਪਰ ਰੈਗੂਲੇਟਰੀ ਕਮਿਸ਼ਨ ਅਜਿਹਾ ਨਾ ਕਰਨ 'ਤੇ ਅੜਿਆ ਰਿਹਾ। ਮੁੱਖ ਮੰਤਰੀ ਵੀ ਅਜਿਹਾ ਕਰਨ ਤੋਂ ਕੰਨੀ ਕਤਰਾਉਂਦੇ ਰਹੇ। ਪਰ ਇਸ ਮੁੱਦੇ 'ਤੇ ਭਾਜਪਾ ਦੀ ਅੜੀ ਵੀ ਕਇਮ ਰਹੀ।

ਜੇਕਰ ਹੋਰਾਂ ਖੇਤਰਾਂ ਵਿੱਚ ਰਿਆਇਤਾਂ ਦੇਣੀਆਂ ਹਨ ਤਾਂ ਬਿਜਲੀ ਦੇ ਖੇਤਰ ਵਿੱਚ ਬਿੱਲ ਵਧਾਉਣ ਦੀ ਕੀ ਤੁੱਕ? ਜੇਕਰ ਸਰਕਾਰ ਹਜ਼ਾਰਾਂ ਕਰੋੜਾਂ ਰੁਪਿਆਂ ਦੀਆਂ ਹੋਰਨਾਂ ਖੇਤਰਾਂ ਵਿੱਚ ਰਿਆਇਤਾਂ ਦੇਣ ਤੋਂ ਨਹੀਂ ਕਤਰਾਅ ਰਹੀ ਤਾਂ ਫਿਰ ਬਿਜਲੀ ਬਿੱਲਾਂ ਵਿੱਚ ਵਾਧਾ ਕਰਕੇ ਹਾਸਲ ਕੀਤੇ ਗਏ 5-7 ਸੌ ਕਰੋੜ ਰੁਪਏ ਵੀ ਆਪਣੇ ਖੀਸੇ 'ਚੋਂ ਕੱਢੇ, ਪਰ ਸਰਕਾਰ ਦਾ ਖੀਸਾ ਤਾਂ ਖਾਲੀ ਹੈ। ਭਾਜਪਾ ਨੂੰ ਪਤਾ ਹੈ ਕਿ ਜੇਕਰ ਉਹ ਸਰਕਾਰ ਤੋਂ ਕਿਨਾਰਾਕਸ਼ੀ ਕਰਦੀ ਹੈ ਤਾਂ ਸਰਕਾਰ ਲਈ ਵੱਡਾ ਸੰਕਟ ਪੈਦਾ ਹੋ ਸਕਦਾ ਹੈ। ਇਸ ਲਈ ਉਸ ਨੇ ਮੁੱਖ ਮੰਤਰੀ 'ਤੇ ਦਬਾਅ ਦੀ ਨੀਤੀ ਜਾਰੀ ਰੱਖੀ ਅਤੇ ਦਬਾਅ ਸਾਹਮਣੇ ਅਖੀਰ ਸਰਕਾਰ ਨੂੰ ਝੁਕਣਾ ਪਿਆ। ਅਕਾਲੀ ਦਲ ਦੀ ਆਪਣੇ ਭਾਈਵਾਲ ਹੱਥੋਂ ਹੋਈ ਇਹ ਹਾਰ ਆਉਣ ਵਾਲੇ ਸਮੇਂ ਵਿੱਚ ਗੱਠਜੋੜ ਸਰਕਾਰ ਦੀਆਂ ਮੁਸ਼ਕਿਲਾਂ ਵਿੱਚ ਅੰਤਾਂ ਦਾ ਵਾਧਾ ਕਰ ਸਕਦੀ ਹੈ। ਜੇਕਰ ਸਰਕਾਰ ਪਹਿਲਾਂ ਹੀ 60 ਹਜ਼ਾਰ ਕਰੋੜ ਰੁਪਏ ਦੇ ਲੱਗਭੱਗ ਕਰਜ਼ਾਈ ਹੈ ਤਾਂ ਇਸ ਨੂੰ ਹੋਰ ਕਰਜ਼ਾ ਕਿਸ ਨੇ ਦੇਣਾ ਹੈ? ਇਸੇ ਸਰਕਾਰ ਦੇ ਵਿੱਤ ਮੰਤਰੀ ਸ੍ਰ. ਮਨਪ੍ਰੀਤ ਸਿੰਘ ਬਾਦਲ ਆਖਦੇ ਹਨ ਕਿ ਉਸ ਨੂੰ ਨਹੀਂ ਪਤਾ ਕਿ ਨਵੇਂ ਫੈਸਲੇ ਅਨੁਸਾਰ ਵਧੇ ਆਰਥਿਕ ਬੋਝ ਨੂੰ ਸਰਕਾਰ ਕਿਵੇਂ ਚੁੱਕੇਗੀ? ਸਰਕਾਰ ਦੀ ਦਿਸ਼ਾਹੀਣਤਾ ਦਾ ਆਲਮ ਇਹ ਹੈ ਕਿ ਅਜਿਹੇ ਫੈਸਲੇ ਲੈਣ ਲੱਗਿਆਂ ਉਹ ਆਪਣੇ ਵਿੱਤ ਮੰਤਰੀ ਨੂੰ ਵੀ ਵਿਸ਼ਵਾਸ ਵਿੱਚ ਲੈਣ ਯੋਗ ਨਹੀਂ ਸਮਝਦੀ। ਅਸੀਂ ਗੱਲ ਸਰਕਾਰ ਦੇ ਚੱਲਣ ਜਾਂ ਨਾ ਚੱਲਣ ਦੀ ਨਹੀਂ ਕਰਦੇ। ਸਾਡਾ ਸਿਆਸੀ ਪਾਰਟੀਆਂ ਦੀ ਵੋਟ ਬੈਂਕ ਮਾਨਸਿਕਤਾ ਨਾਲ ਵੀ ਕੋਈ ਸਰੋਕਾਰ ਨਹੀਂ। ਸਾਨੂੰ ਫਿਕਰ ਹੈ ਰਸਾਤਲ ਵੱਲ ਜਾਂਦੇ ਪੰਜਾਬ ਦਾ। ਇਸ ਦੇ ਅਰਥਚਾਰੇ ਵਿੱਚ ਲਗਾਤਾਰ ਆਉਂਦੇ ਨਿਘਾਰ ਦੀ ਪੂਰਤੀ ਕੌਣ ਕਰੇਗਾ?

ਗੱਲ ਬਿਜਲੀ ਦੇ ਬਿੱਲਾਂ ਦੀ ਹੋ ਰਹੀ ਹੈ। ਹਰ ਖੇਤਰ ਦੇ ਪੰਜਾਬੀ ਬਿਜਲੀ ਦੀ ਘਾਟ ਕਾਰਨ ਹਾਹਾਕਾਰ ਕਰ ਰਹੇ ਹਨ। ਸਰਕਾਰੀ ਹਸਪਤਾਲ ਸੁੰਨਮ-ਸਾਨ ਹਨ। ਪੰਜਾਬ ਦੇ ਹਜ਼ਾਰਾਂ ਹੀ ਸਕੂਲ, ਸਕੂਲ ਮੁਖੀਆਂ ਤੋਂ ਵਾਂਝੇ ਪਏ ਹਨ। ਇਹ ਕਿਵੇਂ ਚੱਲ ਰਹੇ ਹਨ? ਇਸ ਦੀ ਫਿਕਰ ਸ਼ਾਇਦ ਹੀ ਕਿਸੇ ਨੂੰ ਹੋਵੇ। ਇਸ ਲਈ ਰਿਆਇਤਾਂ ਦੇ ਖੇਤਰ ਵਿੱਚ ਕੀਤੇ ਗਏ ਅਜਿਹੇ ਫੈਸਲੇ ਨਾਲ ਕਿਸੇ ਨੂੰ ਵੀ ਜਿੱਤ ਦਾ ਅਹਿਸਾਸ ਨਹੀਂ ਕਰਨਾ ਚਾਹੀਦਾ, ਸਗੋਂ ਅਜਿਹੀਆਂ ਨੀਤੀਆਂ ਨਾਲ ਪੰਜਾਬ ਵਿੱਚ ਪੈਦਾ ਹੋ ਰਹੀਆਂ ਆਰਥਿਕ ਤੇ ਰਾਜਨੀਤਕ ਚੁਣੌਤੀਆਂ ਸੰਬੰਧੀ ਚਿੰਤਾ ਦਾ ਇਜ਼ਹਾਰ ਕੀਤਾ ਜਾਣਾ ਚਾਹੀਦਾ ਹੈ। ਕੁਰਸੀ ਦੀ ਦੌੜ ਵਿੱਚ ਲੱਗੇ ਸਾਡੇ ਸਿਆਸੀ ਆਗੂਆਂ ਨੂੰ ਅਜਿਹੀ ਕਿੰਨੀ ਕੁ ਚਿੰਤਾ ਹੈ, ਇਸ ਬਾਰੇ ਅਜੇ ਤੱਕ ਵੀ ਅਸੀਂ ਪੂਰੀ ਤਰ੍ਹਾਂ ਬੇਖਬਰ ਹੀ ਹਾਂ।

CMYK